A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 | Harwinder 403-402-5615

The Punjabi Newspaper

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Look & Find your dream home with

MANJIT JASWAL REALTOR®

THE NAME YOU CAN TRUST FOR YOUR ALL BUYING & SELLING REAL ESTATE NEEDS

CENTURY 21 Bravo Realty

403.861.2253

Vol: 13 No: 303 Website : www.punjabiakhbaar.ca Email: editor@punjabiakhbaar.ca Friday, 6 Nov. to 20 Nov., 2026

ਕੈਨੇਡਾ ਵਿੱਚ ਜਾਅਲੀ ਅਤੇ ਬਿਨਾਂ ਲਾਇਸੰਸ ਇਮੀਗ੍ਰੇਸ਼ਨ ਸਲਾਹ ਦੇਣ ਵਾਲਿਆਂ ਦੀ ਹੁਣ ਖੈਰ ਨਹੀ !

ਅਣ-ਅਧਿਕਾਰਤ ਸਲਾਹਕਾਰਾਂ ਨੂੰ 5,000 ਤੋਂ 1.5 ਮਿਲੀਅਨ ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਹਰ ਛੋਟੇ ਵੱਡੇ ਸਹਿਰ ਵਿੱਚ ਨਿੱਕੇ ਨਿੱਕੇ ਕਮਰਿਆਂ ਦੇ ਬਾਹਰ ਇਮੀਗ੍ਰੇਸ਼ਨ ਸਲਾਹਕਾਰਾਂ ਦੇ ਚਿਪਕਾਏ ਬੋਰਡਾਂ ਦੀ ਗਿਣਤੀ ਹੁਣ ਘੱਟ ਨਜਰ ਆਵੇਗੀ ਕਿਉਂਕਿ ਹੁਣ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਇਮੀਗ੍ਰੇਸ਼ਨ ਬਾਰੇ ਗ਼ਲਤ ਸਲਾਹ ਦੇਣ ਜਾਂ ਬਿਨਾਂ ਲਾਇਸੰਸ ਦੇ ਲੋਕਾਂ ਨੂੰ ਇਮੀਗ੍ਰੇਸ਼ਨ ਸਬੰਧੀ ਸਲਾਹ ਦੇਣ ਵਾਲਿਆਂ ਲਈ 5,000 ਡਾਲਰ ਤੋਂ ਲੈ ਕੇ 1.5 ਮਿਲੀਅਨ ਡਾਲਰ ਤੱਕ ਦੇ ਨਵੇਂ ਜੁਰਮਾਨੇ ਲਾਗੂ ਕਰਨ ਦਾ ਐਲਾਨ ਕੀਤਾ ਹੈ।ਇਹ ਨਵੀਂ ਨੀਤੀ ਲਾਗੂ ਵੀ ਹੋ ਗਈ ਹੈ। ਨਵੇਂ ਨਿਯਮਾਂ ਤਹਿਤ, ਜੇ ਕੋਈ ਵਿਅਕਤੀ ਬਿਨਾਂ



ਅਧਿਕਾਰ ਇਮੀਗ੍ਰੇਸ਼ਨ ਬਾਰੇ ਸਲਾਹ ਦਿੰਦਾ ਹੈ ਜਾਂ ਕਿਸੇ ਦੀ ਇਮੀਗ੍ਰੇਸ਼ਨ ਅਰਜ਼ੀ ਦੇ ਮਾਮਲੇ ਵਿੱਚ ਉਸ ਦੇ ਨੁਮਾਇੰਦੇ ਵੱਜੋਂ ਕੰਮ ਕਰਦਾ ਹੈ ਤਾਂ ਉਸ ਨੂੰ ਘੱਟੋ-ਘੱਟ 5,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਇਮੀਗ੍ਰੇਸ਼ਨ ਬਾਰੇ ਸਲਾਹ ਦੇਣ ਲਈ ਅਧਿਕਾਰਤ ਲੋਕਾਂ ਵਿੱਚ ਵਕੀਲ ਅਤੇ ਕਾਲਜ ਆਫ਼ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ ਦੇ ਮੈਂਬਰ ਸ਼ਾਮਿਲ ਹਨ। ਜਾਣਬੁੱਝ ਕੇ ਇਮੀਗ੍ਰੇਸ਼ਨ ਬਾਰੇ ਗ਼ਲਤ ਜਾਂ ਗੁੰਮਰਾਹਕੁਨ ਸਲਾਹ ਦੇਣ ਵਾਲਿਆਂ ਲਈ ਘੱਟੋ-ਘੱਟ ਜੁਰਮਾਨਾ 15,000 ਡਾਲਰ ਰੱਖਿਆ ਗਿਆ ਹੈ। ਇਸ ਨਵੇਂ ਐਲਾਨ ਸਬੰਧੀ ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡੀਐਬਮ, ਫ਼ੈਡਰਲ ਨੇ ਕੈਨੇਡੀਅਨ ਪਾਰਲੀਮੈਂਟ ਵਿੱਚ ਵੋਲਦੇ ਹੋਏ ਕਿਹਾ ਕਿ, ਕੈਨੇਡਾ ਵਿੱਚ ਆਪਣਾ ਭਵਿੱਖ ਬਣਾਉਣ ਦੀ ਉਮੀਦ ਰੱਖਣ ਵਾਲਾ ਹਰ ਵਿਅਕਤੀ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਬਾਰੇ ਭਰੋਸੇਯੋਗ ਤੇ ਸਹੀ ਸਲਾਹ ਦਾ ਹੱਕਦਾਰ ਹੈ। ਇਹ ਨਵੇਂ ਕਦਮ ਲੋਕਾਂ ਨੂੰ ਧੋਖਾਧੜੀ ਅਤੇ ਗ਼ਲਤ ਕੰਮਾਂ ਤੋਂ ਬਚਾਉਣ ਦੇ ਨਾਲ-ਨਾਲ ਕਾਨੂੰਨ ਤੋੜਨ ਵਾਲਿਆਂ ਨੂੰ ਜਵਾਬਦੇਹ ਠਹਿਰਾਉਣ ਵਿੱਚ ਮੱਦਦ ਕਰਨਗੇ। ਭਾਵੇਂ ਫੀਸ ਲੈ ਕੇ ਸਲਾਹ ਅਤੇ ਨੁਮਾਇੰਦਗੀ ਕਰਨ ਵਾਲੇ ਜ਼ਿਆਦਾਤਰ ਲੋਕ ਨਿਯਮਾਂ ਦੀ ਪਾਲਣਾ ਕਰਦੇ ਹਨ, ਪਰ ਅਜਿਹਾ ਨਾ ਕਰਨ ਵਾਲਿਆਂ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਇਸ ਨਾਲ ਬਿਨੈਕਾਰਾਂ ਦੀ ਸੁਰੱਖਿਆ ਹੋਵੇਗੀ ਅਤੇ ਕੈਨੇਡਾ ਦੀ ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਪ੍ਰਣਾਲੀ ਦੀ ਭਰੋਸੇਯੋਗਤਾ ਹੋਰ ਮਜ਼ਬੂਤ ਹੋਵੇਗੀ। ਇਮੀਗ੍ਰੇਸ਼ਨ ਵਿਭਾਗ ਮੁਤਾਬਕ, ਜੇ ਕਿਸੇ ਅਰਜ਼ੀ ਨੂੰ ਗ਼ਲਤ ਸਲਾਹ ਦੇ ਆਧਾਰ 'ਤੇ ਮਨਜ਼ੂਰੀ ਮਿਲੀ ਹੋਵੇ ਜਾਂ ਕੋਈ ਵਿਅਕਤੀ ਵਾਰ-ਵਾਰ ਅਜਿਹਾ ਅਪਰਾਧ ਕਰਦਾ ਹੋਵੇ ਤਾਂ ਉਸ ਨੂੰ ਹੋਰ ਵੱਧ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।

ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ

Harman Buttar, BA, CIRP, LIT,
Managing Partner
harmanb@bnadebtsolutions.ca

Simmie Pandher
Senior Administrator
Simmiep@bnadebtsolutions.ca

• Licensed Insolvency Trustees • Proposal Administrators

BNA™ Debt Solutions

P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

GOLDEN HARMONY CARE 22

ਗੋਲਡਨ ਹਾਰਮੋਨੀ ਹੋਮ ਕੇਅਰ



ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ

ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।

ਹੁਣੇ ਕਾਲ ਕਰੋ -
403-439-6688
825-712-9295
goldenharmonycare@gmail.com
info@goldenharmonycare.ca
www.goldenharmonycare.ca

ਘਰ ਵਿੱਚ ਦੇਖਭਾਲ ਸੇਵਾ

- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ

ਮਰੀਜ਼ ਲਈ ਕੋਈ ਖਰਚਾ ਨਹੀਂ | ਏਐਚਐਸ ਦੁਆਰਾ ਮਨਜ਼ੂਰ | ਸੀਡੀਐਸਸੀਆਈ ਦੁਆਰਾ ਮਨਜ਼ੂਰ

ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।

ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ

ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

Narmaan Sidhu
Mortgage Expert
License # 510430

ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ

Alberta & Saskatchewan
403.818.0140
narmaan.sidhu@dominionlending.ca
www.NarmaanSidhu.com

THE MORTGAGE FIRM | Dominion Lending Centres





Sunder Building Supplies Ltd.
We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal
403-690-8700

Bhajan Singh Johal
403-561-0227

3875 - 108th Avenue NE Calgary.

CARPET EMPIRE

Calgary Carpet Empire

SALE

CARPET, HARDWOOD, LAMINATE, TILES, VINYL PLANKS, CARPET TILES & LINO

Carpet Starting at $1.99 Sf (Burber material with installation)

FINANCING OPTIONS AVAILABLE

Special Discount Over 2000 Sf

Kam: 403 991 0074
Office: 403 510 1515

2935 19 St NE
Calgary(AB) T2E7A2

sales@carpetempire.ca www.carpetempire.ca

Cityscape Family Dental

Dr. Rashmi Bajaj & Associates

403 226 2121

Serving Individuals, Families & Communities Since 2016

HARMONY®

HARBOUR

ਜਿੱਥੇ ਹਰ ਮੌਸਮ ਘਰ ਵਰਗਾ ਲੱਗਦਾ ਹੈ



ਸਹਿਰੀ ਰਹਿਣ ਸਹਿਣ ਵਿੱਚ ਵੱਡੀਆਂ ਲਾਟਾਂ,ਜੋ ਤੁਹਾਨੂੰ ਹੋਰ ਕਿਧਰੇ ਨਹੀਂ ਮਿਲਦੀਆਂ

ਹਰ ਮੌਸਮ ਲਈ ਸਥਾਪਿਤ ਸਹੂਲਤਾਂ ਅਤੇ ਗਤੀਵਿਧੀਆਂ

2027 ਵਿੱਚ ਖੁੱਲੇਗਾ ਨਵਾਂ ਹਾਰਮਨੀ ਹਾਰਬਰ ਬੀਚ

ਲੇਕ ਅਤੇ ਬੀਚ.ਗੋਲਫ.ਭਵਿੱਖੀ ਨੌਰਡਿਕ ਸਪਾ.ਸਕੇਟਿੰਗ ਰਿੰਕ.ਖੇਡ ਮੈਦਾਨ ਅਤੇ ਪਾਰਕ

$500 ਦੇ ਮੱਧ ਤੋਂ ਸ਼ੁਰੂ ਹੋਣ ਵਾਲੀ ਕਿਫਾਇਤੀ ਝੀਲ ਦੀ ਰਿਹਾਇਸ਼

liveinharmony.ca/
harmonyharbour



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 303 Website : www.punjabiakhbaar.ca Email: editor@punjabiakhbaar.ca Friday, 6 Nov. to 20 Nov, 2026

ਕਿਊਬੈਕ ਸੂਬੇ ਵਿੱਚ ਨਵੀ ਬਣੀ ਸਰਕਾਰ ਦਾ ਨ.ਫਰਤੀ ਐਲਾਨ

ਸਕੂਲਾਂ ਵਿੱਚ ਧਾਰਮਿਕ ਪਹਿਰਾਵੇ ਪੱਗ, ਕ੍ਰਿਪਾਨ, ਕਰਾਸ, ਨਕਾਬ ਆਦਿ ਉੱਪਰ ਪਾਬੰਦੀ ਲਗਾਉਣ ਦਾ ਐਲਾਨ



ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਕਿਊਬੈਕ ਦੀ ਨਵੀਂ ਪਾਰਟੀ ਕਿਊਬੈਕ ਇਸ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਦਸਤਾਰਾਂ ਅਤੇ ਨਕਾਬਾਂ ਸਮੇਤ ਧਾਰਮਿਕ ਪਹਿਰਾਵੇ 'ਤੇ ਬੈਨ ਲਗਾਉਣ ਦੀ ਯੋਜਨਾ ਹੈ। ਇਸ ਤਜਵੀਜ਼ ਦੀ ਨਾਗਰਿਕ ਆਜ਼ਾਦੀਆਂ ਅਤੇ ਮੁਸਲਿਮ ਸਮੂਹਾਂ ਵੱਲੋਂ ਆਲੋਚਨਾ ਕੀਤੀ ਗਈ ਹੈ, ਜੋ ਚਿਤਾਵਨੀ ਦਿੰਦੇ ਹਨ ਕਿ ਇਹ ਧਾਰਮਿਕ ਆਜ਼ਾਦੀ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਘੱਟ ਗਿਣਤੀ ਬੱਚਿਆਂ ਨੂੰ ਬਾਹਰ ਕਰ ਸਕਦਾ ਹੈ।ਕੈਨੇਡੀਅਨ ਸੂਬੇ ਕਿਊਬੈਕ ਵਿੱਚ ਨਵੀਂ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਪ੍ਰਾਇਮਰੀ ਸਕੂਲਾਂ ਤੋਂ ਦਸਤਾਰਾਂ ਅਤੇ ਨਕਾਬਾਂ ਸਮੇਤ ਸਾਰੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾਏਗੀ, ਇੱਕ ਅਜਿਹਾ ਕਦਮ ਜੋ ਪਹਿਲਾਂ ਤੋਂ ਮੌਜੂਦ ਪਾਬੰਦੀਆਂ ਵਿੱਚ ਹੋਰ ਵਾਧਾ ਕਰਦਾ ਹੈ। ਜਦੋਂ ਸਿੱਖਿਆ ਮੰਤਰੀ ਜੋਏਲ ਅਰਸੇਨੋ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਦੀ ਪਾਰਟੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਦੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਬੈਨ ਲਗਾਉਣ ਦੇ ਆਪਣੇ ਚੋਣ ਵਾਅਦੇ 'ਤੇ ਕਾਇਮ ਰਹੇਗੀ ਤਾਂ ਉਨ੍ਹਾਂ ਕਿਹਾ,"ਇਸ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਸਾਨੂੰ ਇਹ ਕਰਨ ਲਈ ਹੀ ਚੁਣਿਆ ਗਿਆ ਸੀ।" ਅਸੀਂ ਇਸ ਨੂੰ ਪੂਰਾ ਕਰਨ ਲਈ ਕੰਮ ਕਰਾਂਗੇ। ਅਲਹਿਦਗੀਪਸੰਦ ਪਾਰਟੀ ਕਿਊਬੈਕੋਇਸ ਅਕਤੂਬਰ ਵਿੱਚ ਹੋਈਆਂ ਸੂਬਾਈ ਚੋਣਾਂ ਵਿੱਚ ਸੱਤਾ ਵਿੱਚ ਆਈ ਸੀ ਅਤੇ ਸਕੂਲੀ ਬੱਚਿਆਂ ਦੇ ਧਾਰਮਿਕ ਪਹਿਰਾਵੇ ਪਹਿਨਣ 'ਤੇ ਬੈਨ ਲਗਾਉਣਾ ਉਨ੍ਹਾਂ ਦੇ ਏਜੰਡੇ ਦਾ ਹਿੱਸਾ ਸੀ।ਪਿਛਲੀ ਕੋਲੀਸ਼ਨ ਅਵੇਨਿਰ ਕਿਊਬੈਕੋਰ (CAQ) ਸਰਕਾਰ ਦੇ ਅਧੀਨ ਇਸ ਸਾਲ ਅਪਰੈਲ ਵਿੱਚ ਲਾਗੂ ਕੀਤੀਆਂ ਗਈਆਂ ਹੋਰ ਪਾਬੰਦੀਆਂ ਦੇ ਆਧਾਰ 'ਤੇ ਬਣਾਇਆ ਗਿਆ ਹੈ। ਉਸ ਨੇ ਸਰਕਾਰੀ ਯੂਨੀਵਰਸਿਟੀਆਂ, ਸਰਕਾਰ ਦੁਆਰਾ ਸਬਸਿਡੀ ਪ੍ਰਾਪਤ ਨਿੱਜੀ ਸੰਸਥਾਵਾਂ, ਇੱਥੋਂ ਤੱਕ ਕਿ ਚਾਈਲਡ ਕੇਅਰ ਸੈਂਟਰਾਂ ਵਿੱਚ ਵੀ ਧਾਰਮਿਕ ਗਤੀਵਿਧੀਆਂ 'ਤੇ ਬੈਨ ਲਗਾ ਦਿੱਤਾ ਸੀ, ਗਜ਼ਟ ਨੇ ਉਸ ਸਮੇਂ ਰਿਪੋਰਟ ਦਿੱਤੀ ਸੀ।ਇਹ ਸੜਕਾਂ ਜਾਂ ਪਾਰਕਾਂ ਵਿੱਚ ਸਾਂਝੀਆਂ ਧਾਰਮਿਕ ਗਤੀਵਿਧੀਆਂ 'ਤੇ ਵੀ ਰੋਕ ਲਗਾਉਂਦਾ ਹੈ। ਜਨਤਕ ਥਾਵਾਂ 'ਤੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾਉਣ ਦੀ ਪ੍ਰਕਿਰਿਆ 2019 ਵਿੱਚ CAQ ਸਰਕਾਰ ਅਧੀਨ ਸ਼ੁਰੂ ਹੋਈ ਸੀ। ਇੱਕ ਬਿਆਨ ਵਿੱਚ, ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (CCLA) ਦੀ ਕਿਊਬੈਕ ਬੁਲਾਰਾ ਅਤੇ ਮੌਲਿਕ ਆਜ਼ਾਦੀਆਂ ਦੀ ਡਾਇਰੈਕਟਰ ਐਨਾਇਸ ਬੁਸੀਏਰੇਸ ਮੈਕਨਿਕੋਲ ਨੇ ਕਿਹਾ ਕਿ ਕਿਊਬੈਕ ਨੇ 'ਪਹਿਲਾਂ ਕੁਝ ਜਨਤਕ ਖੇਤਰ ਦੇ ਕਰਮਚਾਰੀਆਂ 'ਤੇ ਬੈਨ ਲਗਾਉਣ ਤੋਂ ਬਾਅਦ ਧਾਰਮਿਕ ਪ੍ਰਗਟਾਵੇ 'ਤੇ ਪਾਬੰਦੀਆਂ ਨੂੰ ਹੌਲੀ-ਹੌਲੀ ਵਧਾਇਆ ਹੈ ਅਤੇ ਫਿਰ ਇਸ ਨੂੰ ਸਰਕਾਰੀ ਸਕੂਲਾਂ ਦੇ ਸਟਾਫ, ਸਰਕਾਰੀ ਫੰਡ ਪ੍ਰਾਪਤ ਨਿੱਜੀ ਸਕੂਲਾਂ, ਅਤੇ ਸਰਕਾਰੀ ਜਾਂ ਸਰਕਾਰੀ ਫੰਡ ਪ੍ਰਾਪਤ ਡੇ-ਕੇਅਰ ਸੈਂਟਰਾਂ ਤੱਕ ਵਧਾ ਦਿੱਤਾ ਹੈ।
















“ਲੋਕ ਕੀ ਕਹਿਣਗੇ” ਸਮਾਗਮ ਨੇ ਲੋਕਾਂ ਨੂੰ ਵਾਹ ਵਾਹ ਕਹਿਣ ਲਾ ਦਿੱਤਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਡਾ: ਬਲਵਿੰਦਰ ਕੌਰ ਬਰਾੜ ਅਤੇ ਗੁਰਚਰਨ ਕੌਰ ਬਿੰਦ ਜੀ ਦੀ ਸੁਚੱਜੀ ਅਗਵਾਈ ਹੇਠ ਚੱਲ ਰਹੀ ਸੰਸਥਾ ‘ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ’ ਦਾ ਗਿਆਰਵਾਂ ਸਲਾਨਾ ਸਮਾਗਮ ਮਿਤੀ 25 ਅਕਤੂਬਰ ਨੂੰ ਟੈਂਪਲ ਕਮਿਊਨਿਟੀ ਹਾਲ ਵਿੱਚ ਸਵੇਰੇ 11 ਵਜੇ ਤੋਂ 3 ਵਜੇ ਤੱਕ ਬਹੁਤ ਹੀ ਸ਼ਾਨਦਾਰ ਹੋ ਨਿਬੜਿਆ। ‘ਲੋਕ ਕੀ ਕਹਿਣਗੇ?’ ਦੇ ਵਿਲੱਖਣ ਬੈਨਰ ਹੇਠ ਸੰਸਥਾ ਵੱਲੋਂ ਕਰਵਾਇਆ ਜਾਂਦਾ ਇਹ ਸਮਾਗਮ ਹਰ ਸਾਲ ਸਮਾਜ ਦੇ ਭਖਦੇ ਮੁੱਦਿਆਂ ਉੱਤੇ ਗੱਲ ਕਰਨ ਅਤੇ ਵਿਚਾਰ ਵਟਾਂਦਰਾ ਕਰਨ ਦਾ ਇੱਕ ਸਫਲ ਮੰਚ ਬਣ ਗਿਆ ਹੈ। ਸਮਾਗਮ ਨੂੰ ਰਸਮੀ ਤੌਰ ਤੇ ਆਰੰਭ ਕਰਦਿਆਂ ਬਰਾੜ ਮੈਡਮ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਉਪਰੰਤ ਲੈਂਡ ਅਕਨੋਲੇਜਮੈਂਟ ਅਤੇ ਕੈਨੇਡਾ ਦਾ ਰਾਸ਼ਟਰੀ ਗੀਤ ਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ । ਵਾਰਡ ਨੰਬਰ ਪੰਜ ਤੋਂ ਕਾਉਂਸਲਰ ਰਾਜ ਧਾਲੀਵਾਲ ਨੇ ਇੱਥੋਂ ਦੇ ਮੂਲ ਨਿਵਾਸੀਆਂ ਨਾਲ ਹੋਏ ਨਸਲੀ ਵਿਤਕਰੇ ਬਾਰੇ ਗੱਲ ਕੀਤੀ। ਐਮ ਐਲ ਏ ਇਰਫਾਨ ਸਾਬਰ, ਐਮ ਐਲ ਏ ਗੁਰਿੰਦਰ ਬਰਾੜ ਅਤੇ ਚੈਸਟਰਮੇਅਰ ਤੋਂ ਕੌਂਸਲਰ ਕਿਰਨ ਰੰਧਾਵਾ ਦੀ ਹਾਜ਼ਰੀ ਨੇ ਪ੍ਰਬੰਧਕਾਂ ਦਾ ਹੌਸਲਾ ਵਧਾਇਆ ।ਮਾਹਿਰਾਂ ਦੇ ਪੈਨਲ ਵਿੱਚ ਸ਼ਾਨ ਅਲੀ, ਲਲਿਤਾ ਸਿੰਘ ਅਤੇ ਡਾ: ਰਮਨ ਗਿੱਲ ਨੇ ਵਾਰੋ ਵਾਰੀ ਦਰਸ਼ਕਾਂ ਨਾਲ ਨਸਲੀ ਵਿਤਕਰੇ ਕਾਰਨ ਪਰੇਸ਼ਾਨ ਹੁੰਦੇ ਘੱਟ ਗਿਣਤੀਆਂ ਨੂੰ ਜਾਗਰੂਕ ਹੋਣ ਲਈ ਪ੍ਰੇਰਿਆ ਅਤੇ ਜਾਣਕਾਰੀ ਨਾ ਹੋਣ ਕਾਰਨ ਸਾਡੇ ਵੱਲੋਂ ਅਣਜਾਣੇ ਵਿੱਚ ਕੀਤੇ ਜਾਂਦੇ ਨਸਲੀ ਭੇਦ ਭਾਵ ਬਾਰੇ ਜਾਣੂ ਕਰਵਾਇਆ। ਦਰਸ਼ਕਾਂ ਦੀ ਉਤਸੁਕਤਾ ਅਤੇ ਉਹਨਾਂ ਦੇ ਮਨ ਵਿੱਚ ਉੱਠਦੇ ਪ੍ਰਸ਼ਨਾਂ ਨੂੰ ਲਿਖਤੀ ਰੂਪ ਵਿੱਚ ਸਟੇਜ ਤੇ ਭੇਜਿਆ ਗਿਆ, ਜਿਹਨਾਂ ਦੇ ਮਾਹਿਰਾਂ ਵੱਲੋਂ ਸੰਤੁਸ਼ਟੀ ਜਨਕ ਉੱਤਰ ਦਿੱਤੇ ਗਏ। ਇਸ ਤੋਂ ਇਲਾਵਾ ਨਸਲੀ ਭੇਦ ਭਾਵ ਬਾਰੇ ਜਾਗਰੂਕ ਕਰਦਾ ਇੱਕ ਨਾਟਕ ਪੇਸ਼ ਕੀਤਾ ਗਿਆ ਜਿਸ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ । ਗੁਰਦੀਸ਼ ਕੌਰ ਗਰੇਵਾਲ, ਬਲਵੀਰ ਕੌਰ ਗਰੇਵਾਲ ਅਤੇ ਸੂਬੇਦਾਰ ਮਸਕੀਨ ਸਿੰਘ ਜੀ ਨੇ ਆਪਣੀ ਪੇਸ਼ਕਾਰੀ ਰਾਹੀਂ ਸਰੋਤਿਆਂ ਦਾ ਮਨ ਮੋਹ ਲਿਆ। ਹਰ ਸਾਲ ਦੀ ਤਰ੍ਹਾਂ, ਸਭਾ ਦੇ ਦੋ ਸੀਨੀਅਰ ਮੈਂਬਰਾਂ- ਗੁਰਤੇਜ ਕੌਰ ਸਿੱਧੂ ਅਤੇ ਇਕਬਾਲ ਕੌਰ ਭੁੱਲਰ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ। ਸਭਾ ਦੇ ਵਲੰਟੀਅਰਜ ਨੂੰ ਇਰਫਾਨ ਸਬੀਰ ਜੀ ਦੁਆਰਾ, ਲਿਆਂਦੇ ਹੋਏ ਸਨਮਾਨ ਪੱਤਰ ਦੇ ਕੇ, ਹੌਸਲਾ ਅਫਜ਼ਾਈ ਕੀਤੀ ਗਈ ਜਿਨ੍ਹਾਂ ਵਿੱਚ ਫੂਡ ਕਮੇਟੀ ਤੋਂ ਇਲਾਵਾ- ਖ਼ਜ਼ਾਨਚੀ , ਉਪ ਖਜਾਨਚੀ ਅਤੇ ਸਕੱਤਰ ਸ਼ਾਮਿਲ ਸਨ। ਅੰਤ ਵਿੱਚ ‘ਕੈਲਗਰੀ ਯੰਗ ਵੂਮੇਨ ਗਰੁੱਪ ‘ ਵੱਲੋਂ ਸ਼ਾਨਦਾਰ ਪੇਸ਼ਕਾਰੀ ਵੇਖ ਸਾਰਾ ਹਾਲ ਅਸ਼ ਐਸ਼ ਕਰ ਉੱਠਿਆ। ਮਹਿਮਾਨਾਂ ਦੀ ਆ- ਭਗਤ ਲਈ ਚਾਹ ਪਾਣੀ ਦਾ ਪ੍ਰਬੰਧ ਸ਼ੁਰੂ ਤੋਂ ਅੰਤ ਤੱਕ ਨਿਰੰਤਰ ਚਲਦਾ ਰਿਹਾ। ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਚਰਨਦੀਪ ਕੌਰ ਅਤੇ ਮੈਡਮ ਬਿੰਦ ਨੇ ਰਲ਼ ਕੇ ਨਿਭਾਈ ਅਤੇ ਆਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ‘ਲੋਕ ਕੀ ਕਹਿਣਗੇ?’ ਹੁਣ ਕੈਲਗਰੀ ਦੇ ਲੋਕਾਂ ਲਈ ਖਿੱਚ ਦਾ ਕਾਰਨ ਬਣ ਗਿਆ ਹੈ ਜਿਸਨੂੰ ਹਾਲ ਵਿੱਚ ਭਰਪੂਰ ਹਾਜ਼ਰੀ ਨੇ ਆਪਣੀ ਛਾਪ ਲਗਾਕੇ ਸਾਬਿਤ ਕਰ ਦਿੱਤਾ।



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220



ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store



ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੇ ਬਾਨੀ ਕੁਲਵੰਤ ਰਾਏ ਸ਼ਰਮਾ ਨੂੰ ਸ਼ਾਨਦਾਰ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮੀਟਿੰਗ 21 ਅਕਤੂਬਰ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਵਿਖੇ ਕਰਮ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਹੋਈ। ਸ਼ੁਰੂਆਤ ਗੁਰਮਿੰਦਰ ਕੌਰ ਦੁਆਰਾ ਸ਼ਬਦ ਗਾਇਨ ਨਾਲ਼ ਹੋਈ - ਸੇਵਕ ਕੀ ਅਰਦਾਸ ਪਿਆਰੇ। ਪ੍ਰਧਾਨ ਕਰਮ ਸਿੰਘ ਭੁੱਲਰ ਨੇ ਦੁਸਹਿਰੇ ਅਤੇ ਦੁਰਗਾ ਪੂਜਾ ਦੇ ਤਿਉਹਾਰਾਂ ਦੀ ਇਤਿਹਾਸਕ ਮਹੱਤਤਾ ਬਾਰੇ ਚਾਨਣਾ ਪਾਇਆ। ਅਕਤੂਬਰ ਮਹੀਨੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਸੁਗਾਤਾਂ ਦੇ ਕੇ ਮੁਬਾਰਕਾਂ ਪਰੋਸੀਆਂ ਗਈਆਂ। ਸਭਾ ਦੇ ਬਾਨੀ ਕੁਲਵੰਤ ਰਾਏ ਸ਼ਰਮਾ ਨੂੰ ਸ਼ਾਨਦਾਰ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਕਰਮ ਸਿੰਘ ਭੁੱਲਰ ਨੇ ਸ਼ਰਮਾ ਜੀ ਦੁਆਰਾ ਸਭਾ ਨੂੰ ਸਥਾਪਿਤ ਕਰਨ ਅਤੇ ਉਸਾਰੂ ਲੀਹਾਂ 'ਤੇ ਚਲਾਉਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਸ਼ਰਮਾ ਜੀ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਤਸੱਲੀ ਪ੍ਰਗਟ ਕੀਤੀ ਕਿ ਪ੍ਰਧਾਨ, ਸਕੱਤਰ, ਅਤੇ ਸਮੂਹ ਮੈਂਬਰਾਂ ਨੇ ਨਾ ਸਿਰਫ ਸਭਾ ਨੂੰ ਪੱਕੇ ਪੈਰੀਂ ਕੀਤਾ ਹੈ ਸਗੋਂ ਇਸ ਨੂੰ ਸਿਰਫ ਦੋ ਸਾਲਾਂ ਦੇ ਅਰਸੇ ਅੰਦਰ ਇਕ ਵਕਾਰੀ ਸੰਸਥਾ ਬਣਾ ਦਿੱਤਾ ਹੈ।ਉਭਰਦੇ ਕਵੀ ਅਤੇ ਕਹਾਣੀਕਾਰ ਸੋਹਣ ਸਿੰਘ ਭੁੱਚੋ ਨੇ ਆਪਣੀ ਤਾਜ਼ਾ ਲਿਖੀ ਕਵਿਤਾ 'ਜੁੱਤੀ' ਦੀ ਪੇਸ਼ਕਾਰੀ ਰਾਹੀਂ ਪਹਿਰਾਵੇ ਦੀ ਇਸ ਅਣਗੌਲ਼ੀ ਵਸਤੂ ਦੇ ਸਾਰੇ ਪਹਿਲੂਆਂ ਨੂੰ ਉਜਾਗਰ ਕਰ ਦਿੱਤਾ। ਵਿਜੇ ਸਚਦੇਵਾ ਨੇ ਇਕ ਚੁਟਕਲਾ ਸੁਨਾਉਣ ਮਗਰੋਂ ਹਿੰਦੀ ਗਾਣਾ - ਜੀਨਾ ਇਸੀ ਕਾ ਨਾਮ ਹੈ - ਉਸੇ ਮੁਹਾਰਤ ਨਾਲ਼ ਪੇਸ਼ ਕਰ ਕੇ ਫਿਲਮ ਦਾ ਸੀਨ ਸਾਕਾਰ ਕਰ ਦਿੱਤਾ। ਸੁਖਮੰਦਰ ਗਿੱਲ ਨੇ ਆਪਣੀ ਨਵੀਂ ਪੁਸਤਕ ਵਿੱਚੋਂ ਤਿੰਨ ਗੀਤ ਗਾ ਕੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਦਲਜੀਤ ਕੌਰ ਦਾ ਗਾਣਾ ਸੀ - ਆਨੇ ਸੇ ਉਸ ਕੇ ਆਏ ਬਹਾਰ। ਜਰਨੈਲ ਤੱਗੜ, ਗੁਰਦੀਪ ਗਰੇਵਾਲ਼, ਮੋਹਣ ਸਿੰਘ ਪਧਰਾਲ਼ਾ, ਚਰਨਦੀਪ ਕੌਰ ਅਤੇ ਪਰਮਜੀਤ ਸਿੰਘ ਭੰਗੂ ਨੇ ਕਵਿਤਾਵਾਂ ਦਾ ਉਚਾਰਨ ਕੀਤਾ। ਤਾਰਿਕ ਮਲਿਕ ਨੇ ਚੋਣਵੇਂ ਸ਼ਿਅਰ ਫ਼ੁਰਮਾਏ। ਸੁਖਦੇਵ ਬੈਂਸ, ਇੰਦਰਜੀਤ ਸਿੰਘ ਧਾਲ਼ੀਵਾਲ਼ ਅਤੇ ਹੈਪੀ ਮਾਨ ਨੇ ਆਪੋ ਆਪਣੇ ਵਿਚਾਰਾਂ ਨਾਲ਼ ਸਾਂਝ ਪੁਆਈ। ਕਾਰਵਾਈ ਚਲਾ ਰਹੇ ਸਕੱਤਰ ਜਸਪਾਲ ਕੰਗ ਨੇ ਆਪਣੀਆਂ ਪੇਂਟਿੰਗਾਂ ਦੀ ਨੁਮਾਇਸ਼ ਲਾ ਕੇ ਇਨ੍ਹਾਂ ਦੇ ਕਲਾਤਮਿਕ ਪੱਖਾਂ ਦੀ ਜਾਣਕਾਰੀ ਦਿੱਤੀ। ਬੀਬਾ ਰਮਨ ਗਿੱਲ ਨੇ ਆਪਣੀਆਂ ਪ੍ਰਦਰਸ਼ਿਤ ਪੇਂਟਿੰਗਾਂ ਬਾਰੇ ਦਸਦਿਆਂ ਕਿਹਾ ਕਿ ਇਸ ਕਲਾ ਦਾ ਕਲਾਕਾਰ ਦੀ ਮਾਨਸਿਕ ਹਾਲਤ ਉਪਰ ਸਿਹਤਮੰਦ ਅਸਰ ਪੈਂਦਾ ਹੈ। ਕਰਮ ਸਿੰਘ ਭੁੱਲਰ ਨੇ ਮੀਟਿੰਗ ਵਿਚ ਭਰਵੀਂ ਹਾਜ਼ਰੀ ਲਈ ਸਾਰਿਆਂ ਦਾ ਤਹਿ ਦਿਲੋਂ ਸ਼ੁਕਰੀਆ ਕੀਤਾ। ਅਖੀਰ ਵਿਚ ਪਰੋਸੇ ਭੋਜਨ ਵਿਚਲੀਆਂ ਜਲੇਬੀਆਂ ਨੇ ਵਧੀਆ ਮੂੰਹ ਮਿੱਠਾ ਕਰਾਇਆ।

ਪੁਰਾਣੇ ਬੋਰਡ ਨੂੰ ਭੰਗ ਕਰ ਕੇ ਸਰਬਸੰਮਤੀ ਨਾਲ ਨਵਾਂ ਬੋਰਡ ਚੁਣ ਲਿਆ ਗਿਆ



ਕੈਲਗਰੀ - ਮੋਂਟੇਰੀ ਪਾਰਕ ਕਮਿਊਨਟੀ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਮੀਟਿੰਗ ਬੀਤੇ ਦਿਨੀ ਮੋਂਟੇਰੀ ਪਾਰਕ ਕਮਿਊਨਟੀ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਮੀਟਿੰਗ (AGM) ਮੋਂਟੇਰੀ ਪਾਰਕ ਹਾਲ ਵਿੱਚ ਹੋਈ, ਜਿਸ ਵਿੱਚ ਐਸੋਸੀਏਸ਼ਨ ਦੇ ਚਾਲੀ ਮੈਂਬਰਾਂ ਨੇ ਸ਼ਿਰਕਤ ਕੀਤੀ। ਐਸੋਸੀਏਸ਼ਨ ਦੇ ਪ੍ਰਧਾਨ ਫਿਆਜ਼ ਮਿਰਾਨੀ ਨੇ ਪਿਛਲੇ ਸਾਲ ਦੀਆਂ ਗਤੀਵਿਧੀਆਂ ਅਤੇ ਅਗਲੇ ਸਾਲ ਹੋਣ ਵਾਲੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਪ ਪ੍ਰਧਾਨ ਸੁਰਿੰਦਰ ਕਾਲੀਆ ਅਤੇ ਖਜ਼ਾਨਚੀ ਸੁਰਜੀਤ ਸਿੰਘ ਹੇਅਰ ਨੇ ਐਸੋਸੀਏਸ਼ਨ ਦੇ ਅਕਾਊਂਟਸ ਦੇ ਵੇਰਵੇ ਪੇਸ਼ ਕਰਦਿਆਂ ਦੱਸਿਆ ਕੇ ਮਾਇਕ ਪੱਖੋਂ ਐਸੋਸੀਏਸ਼ਨ ਨੂੰ ਕੋਈ ਸਮੱਸਿਆ ਨਹੀਂ ਹੈ। ਇਸ ਤੋਂ ਬਾਅਦ ਪੁਰਾਣੇ ਬੋਰਡ ਨੂੰ ਭੰਗ ਕਰ ਕੇ ਸਰਬਸੰਮਤੀ ਨਾਲ ਨਵਾਂ ਬੋਰਡ ਚੁਣ ਲਿਆ ਗਿਆ । ਨਵੇਂ ਬੋਰਡ ਮੈਂਬਰਾਂ ਦੇ ਨਾਮ - ਫਿਆਜ਼ ਮੀਰਾਨੀ, ਪ੍ਰਧਾਨ ਸੁਰਿੰਦਰ ਕਾਲੀਆ, ਉਪ ਪ੍ਰਧਾਨ ਸੁਰਜੀਤ ਹੇਅਰ, ਖਜ਼ਾਨਚੀ ਮੌਰੀਸਾ ਜੌਹਨਸਨ, ਸਕੱਤਰ ਰਾਮ ਬਰਾੜ -ਡਾਇਰੈਕਟਰ ਇਵੈਂਟਸ ਤਰਸੇਮ ਕੌੜਾ, ਡਾਇਰੈਕਟਰ ਕੈਸੀਨੋ ਦਰਸ਼ਨ ਧਾਲੀਵਾਲ, ਡਾਇਰੈਕਟਰ ਪਲਾਨਿੰਗ ਜਵਾਦ ਰਹੀਮੀ, ਡਾਇਰੈਕਟਰ ਫੈਸਿਲਿਟੀ ਸਰਨਜੀਤ ਹੇਅਰ, ਡਾਇਰੈਕਟਰ ਮੈਂਬਰਸ਼ਿਪ ਡਾਇਰੈਕਟਰ ਐਟ ਲਾਰਜ - ਮਹਿੰਦਰ ਕੌਰ ਅਟਕਰ , ਸਰਨ ਕੌਰ ਕੁਲਾਰ , ਹਰਜਿੰਦਰ ਕੌਰ ਧਾਲੀਵਾਲ, ਸਤਵੰਤ ਕੌਰ ਬਰਾੜ ,ਅਮਿਤਾ ਕਾਲੀਆ ਅਤੇ ਗੁਰਮੇਲ ਸਿੰਘ ਬੋਲਾ । ਨਵੇਂ ਚੁਣੇ ਬੋਰਡ ਨੂੰ ਵਧਾਈਆਂ ਦੇਣ ਤੋਂ ਬਾਅਦ ਮੀਟਿੰਗ ਦੀ ਸਮਾਪਤੀ ਹੋ ਗਈ।



ਪੰਜਾਬੀ ਸਾਹਿਤ ਸਭਾ ਕੈਲਗਰੀ ਨੇ ਮਨਜੀਤ ਸਿੰਘ ਬਰਾੜ ਦਾ ਸਨਮਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਇਕੱਤਰਤਾ 24 ਅਕਤੂਬਰ 2026 ਨੂੰ ਕੈਲਗਰੀ ਦੇ ਕੋਸੋ ਹਾਲ ਵਿੱਚ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਵਿੱਚ ਹੋਈ । ਸਭਾ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਬਰਾੜ ਨੂੰ ਉਹਨਾਂ ਦੀਆਂ ਪੰਜਾਬੀ ਸਾਹਿਤ ਸਭਾ ਪ੍ਰਤੀ ਲੰਬੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਨਿਸ਼ਕਾਮ ਅਤੇ ਨਿਰੰਤਰ ਸੇਵਾਵਾਂ ਲਈ ਸ਼ੁਕਰਾਨੇ ਵੱਜੋਂ, ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ । ਮਨਜੀਤ ਸਿੰਘ ਬਰਾੜ ਦਾ ਪਰਿਵਾਰ ਲੰਮੇ ਸਮੇਂ ਤੋਂ ਹਰ ਮਹੀਨੇ ਹੋਣ ਵਾਲੀ ਇਕੱਤਰਤਾ ਵਿੱਚ ਚਾਹ ਪਾਣੀ ਦੀ ਸੇਵਾ ਨਿਭਾ ਰਹੇ ਹਨ ਹਨ । ਵਰਨਣ ਯੋਗ ਹੈ ਕਿ ਮਨਜੀਤ ਬਰਾੜ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਰੰਗ ਵਿੱਚ ਸਿਰ ਤੋਂ ਪੈਰਾਂ ਤਕ ਰੰਗਿਆ ਨੌਜਵਾਨ ਹੈ । ਉਹ ਆਪਣੇ ਢੰਗ ਨਾਲ ਪੰਜਾਬੀ ਗੀਤ ਲਿਖਦਾ ਹੈ ਅਤੇ ਆਪਣੇ ਨਿਵੇਕਲੇ ਢੰਗ ਨਾਲ ਗਾਉਂਦਾ ਹੈ ।ਜਸਵੰਤ ਸਿੰਘ ਕਪੂਰ ਨੇ ਆਪਣੇ ਅਧਿਆਤਮਿਕ ਵਿਚਾਰ ਪ੍ਰਗਟ ਕੀਤੇ । ਗੁਰਦੀਪ ਸਿੰਘ ਧਾਲੀਵਾਲ ਨੇ ਆਪਣੀ ਇੱਕ ਕਵਿਤਾ ਸੁਣਾਈ । ਲਖਵਿੰਦਰ ਸਿੰਘ ਸਿੱਧੂ ਦੀ ਰਚਨਾ ' ਜਿੱਥੇ ਅਹਿਸਾਸ ਖ਼ਤਮ ਹੋ ਜਾਣ, -ਥੇ ਲਫ਼ਜ਼ ਮਰ ਜਾਂਦੇ ਨੇ' ਦਾ ਸਰੋਤਿਆਂ ਨੇ ਡੂੰਘਾ ਪ੍ਰਭਾਵ ਕਬੂਲਿਆ । ਸ: ਮਨਮੋਹਨ ਸਿੰਘ ਬਾਠ ਨੇ ਸੁਰਿੰਦਰ ਗੀਤ ਦੀ ਲਿਖੀ ਗ਼ਜ਼ਲ ਤਰੰਨਮ ਵਿੱਚ ਸੁਣਾਈ ।ਜਸਵੀਰ ਸਹੋਤਾ ਨੇ ਗੁਰੂ ਰਾਮਦਾਸ ਜੀ ਦੀਆਂ ਉਚਾਰੀਆਂ ਚਾਰ ਲਾਵਾਂ ਦਾ ਕਾਵਿਕ ਵਿਸ਼ਲੇਸ਼ਣ ਕੀਤਾ । ਗਿੱਲ ਸੁਖਮੰਦਰ ਨੇ ਆਪਣੀ ਨਵੀਂ ਨਿਕੋਰ ਪੁਸਤਕ 'ਫ਼ੱਕਰਾਂ ਦਾ ਸਿਰਨਾਵਾਂ' ਵਿੱਚੋਂ ਇੱਕ ਕਵਿਤਾ ਸਾਜ਼, ਸੁਰਾਂ ਤੇ ਆਵਾਜ਼ ਦੇ ਸੁਚੱਜੇ ਸੰਜੋਗ ਵਿੱਚ ਸੁਣਾਈ । ਦੀਪ ਬਰਾੜ ਨੇ ਬਰਾੜ ਕੌਮ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ । ਜਨਾਬ ਮੁਨੱਵਰ ਅਹਿਮਦ ਜੀ ਨੇ ਆਪਣੀ ਅਤਿ ਸੁਰੀਲੀ ਆਵਾਜ਼ 'ਚ ਬਾਬਾ ਬੁੱਲ੍ਹੇ ਸ਼ਾਹ ਦੀ ਰਚਨਾ ਸੁਣਾਈ ।ਜਰਨੈਲ ਸਿੰਘ ਤੱਗੜ ਹੋਰਾਂ ਨੇ ਇਕ ਰਚਨਾ ਨਾਲ ਸਾਂਝ ਪਾਈ । ਅੰਤ ਵਿੱਚ ਸੁਰਿੰਦਰ ਗੀਤ ਨੇ ਆਪਣੀ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ ।

ਜਿਵੇਂ ਦਿਸ ਰਿਹਾ ਤਿਵੇਂ ਹੈ ਨਹੀਂ,
ਇਹ ਯਕੀਨ ਹੁਣ ਬੇ ਯਕੀਨ ਹੈ
ਮੇਰੀ ਹੋਂਦ ਨੂੰ ਨਾ ਕਬੂਲਦੀ,
ਮੇਰੀ ਆਪਣੀ ਹੀ ਜ਼ਮੀਨ ਹੈ ।

ਜੀਤ ਸਿੰਘ ਬਰਾੜ ਨੇ ਆਪਣੇ ਵਿਚਾਰ ਪ੍ਰਗਟ ਕੀਤੇ । ਇਸ ਤੋਂ ਇਲਾਵਾ ਗੁਰਬਖ਼ਸ਼ ਸਿੰਘ ਗਿੱਲ, ਮਨਜੀਤ ਕੌਰ ਖਹਿਰਾ ਅਤੇ ਅਵਤਾਰ ਤੱਗੜ ਅਤੇ ਹੋਰਨਾਂ ਨੇ ਹਾਜ਼ਰੀ ਲਗਵਾ ਕੇ ਰੌਣਕ ਵਧਾਈ ।ਗੁਰਲਾਲ ਸਿੰਘ ਮਾਨੂੰਕੇ ਹੋਰਾਂ ਆਪਣੀ ਅਤੇ ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿੱਤੀ।ਅੰਤ ਵਿੱਚ ਜਗਦੇਵ ਸਿੱਧੂ ਹੋਰਾਂ ਨੇ ਸਭਾ ਦੀ ਸਮੁੱਚੀ ਕਾਰਵਾਈ ਅਤੇ ਰਚਨਾਵਾਂ ਦਾ ਆਪਣੇ ਅੰਦਾਜ਼ ਵਿੱਚ ਸਾਹਿਤਕ ਵਿਸ਼ਲੇਸ਼ਣ ਕੀਤਾ । ਮੰਚ ਸੰਚਾਲਨ ਗੁਰਦਿਆਲ ਸਿੰਘ ਖਹਿਰਾ ਨੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ









ਕੀ ਮੈਡੀਕਲ ਨਸ਼ਾ ਚਿੱਟੇ ਨਾਲੋਂ ਵਧੇਰੇ ਖ਼ਤਰਨਾਕ ਹੈ ?



ਉਜਾਗਰ ਸਿੰਘ

ਮੈਡੀਕਲ ਸਟੋਰ ਵਾਲਿਆਂ ਨੇ ਤਾਂ ਫ਼ੈਸਲਾ ਕਰ ਲਿਆ ਹੈ ਕਿ ਉਹ ਇਹ ਦਵਾਈਆਂ ਨਹੀਂ ਵੇਚਣਗੇ। ਹੁਣ ਫਿਰ ਉਨ੍ਹਾਂ ਮਰੀਜ਼ਾਂ ਦਾ ਕੀ ਬਣੇਗਾ, ਜਿਨ੍ਹਾਂ ਲਈ ਡਾਕਟਰ ਇਹ ਦਵਾਈਆਂ ਜ਼ਰੂਰੀ ਕਹਿ ਰਹੇ ਹਨ। ਹੁਣ ਸਰਕਾਰ ਨੂੰ ਕੋਈ ਸਾਰਥਿਕ ਕਦਮ ਚੁੱਕਣੇ ਪੈਣਗੇ। ਸਰਕਾਰ ਨੂੰ ਮਿਲੀ ਭੁਗਤ ਦੇ ਮਾਫੀਏ ਨੂੰ ਖ਼ਤਮ ਕਰਨਾ ਹੋਵੇਗਾ ਤਾਂ ਹੀ ਕਿਤੇ ਜਾ ਕੇ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਤੋਂ ਨਿਜਾਤ ਮਿਲੇਗੀ। ਜੇਕਰ ਇਸ ਧਰਨੇ ਤੋਂ ਬਾਅਦ ਵੀ ਨਸ਼ਿਆਂ ਨੂੰ ਰੋਕਣ ਦਾ ਕੋਈ ਵਾਜਬ ਹੱਲ ਨਾ ਨਿਕਲਿਆ ਤਾਂ ਪੰਜਾਬ ਵਿੱਚ ਲੋਕਾਂ ਦਾ ਗੁੱਸਾ ਬਰਦਾਸ਼ਤ ਕਰਨਾ ਅਸੰਭਵ ਹੋ ਜਾਵੇਗਾ। ਧਰਨਾਕਾਰੀਆਂ ਨੂੰ ਵੀ ਇਹ ਧਰਨਾ ਸ਼ਾਂਤਮਈ ਰੱਖਦਿਆਂ ਸ਼ਰਾਰਤੀ ਅਨਸਰਾਂ ਦੀਆਂ ਕਾਰਵਾਈਆਂ 'ਤੇ ਨਿਗਾਹ ਰੱਖਣੀ ਚਾਹੀਦੀ ਹੈ।



ਅੱਜ ਕਲ੍ਹ ਮਾਨਸਾ ਵਿਖੇ ਇੱਕ ਸਮਾਜ ਸੇਵੀ ਅਤੇ ਮੈਡੀਕਲ ਨਸ਼ਿਆਂ ਨੂੰ ਖ਼ਤਮ ਕਰਨ ਲਈ ਜਦੋਜਹਿਦ ਕਰਨ ਵਾਲੇ ਪਰਮਿੰਦਰ ਸਿੰਘ ਝੋਟਾ ਦਾ ਇੱਕ ਮੈਡੀਕਲ ਸਟੋਰ ਦੇ ਮਾਲਕ ਵੱਲੋਂ ਕਤਲ ਕਰਨ ਕਰਕੇ ਧਰਨਾ ਲਗਾਤਾਰ ਜ਼ਾਰੀ ਹੈ। ਨਸ਼ਿਆਂ ਵਿਰੁੱਧ ਧਰਨਾ ਲਗਾਉਣਾ ਕੋਈ ਮਾੜੀ ਗੱਲ ਨਹੀਂ, ਕਿਉਂਕਿ ਪਿਛਲੇ 20 ਸਾਲਾਂ ਤੋਂ ਪੰਜਾਬ ਦੀ ਨੌਜਵਾਨੀ ਨਸ਼ਿਆਂ ਦਾ ਸੰਤਾਪ ਹੰਢਾ ਰਹੀ ਹੈ। ਪੰਜਾਬੀਆਂ ਦੀ ਨਵੀਂ ਪਨੀਰੀ ਖ਼ਤਮ ਹੋਣ ਦੇ ਕਿਨਾਰੇ 'ਤੇ ਖੜ੍ਹੀ ਹੈ। ਧਰਨੇ ਲਗਾਉਣ ਤੇ ਅੰਦੋਲਨ ਕਰਨ ਦਾ ਮੰਤਵ ਸਰਕਾਰ ਦਾ ਧਿਆਨ ਖਿਚਣਾ ਹੁੰਦਾ ਹੈ ਤਾਂ ਜੋ ਸਰਕਾਰ ਉਸ ਬਿਮਾਰੀ ਦਾ ਹੱਲ ਲੱਭਣ ਵਿੱਚ ਸਹਾਈ ਹੋਵੇ। ਇਹ ਧਰਨੇ ਤੇ ਅੰਦੋਲਨ ਲੋਕਾਂ ਨੂੰ ਤੰਗ ਕਰਨ ਲਈ ਨਹੀਂ ਹੁੰਦੇ, ਭਾਵੇਂ ਥੋੜ੍ਹਾ ਬਹੁਤਾ ਲੋਕਾਂ ਨੂੰ ਮੁਸ਼ਕਲ ਆਉਂਦੀ ਹੈ, ਪ੍ਰੰਤੂ ਪੀੜਤ ਲੋਕਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਹੁਣ ਤੱਕ ਸਾਰੀਆਂ ਸਰਕਾਰਾਂ ਨਸ਼ਾ ਖ਼ਤਮ ਕਰਨ ਦੀਆਂ ਟਾਹਰਾਂ ਤਾਂ ਮਾਰਦੀਆਂ ਰਹੀਆਂ ਹਨ ਅਤੇ ਮਾਰ ਵੀ ਰਹੀਆਂ ਹਨ, ਪ੍ਰੰਤੂ ਨਸ਼ਾ ਕੋਈ ਵੀ ਸਰਕਾਰ ਬੰਦ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਨਹੀਂ ਹੋਈ, ਸਗੋਂ ਸਰਕਾਰਾਂ 'ਤੇ ਇਹ ਇਲਜ਼ਾਮ ਲੱਗ ਰਹੇ ਹਨ ਕਿ ਪੰਜਾਬ ਵਿੱਚ ਨਸ਼ੇ ਸਿਆਸਤਦਾਨ, ਅਫ਼ਸਰਸ਼ਾਹੀ, ਪੁਲਿਸ ਅਤੇ ਨਸ਼ਿਆਂ ਦੇ ਸੌਦਾਗਰਾਂ ਦੀ ਮਿਲੀ ਭੁਗਤ ਨਾਲ ਵਿਕ ਰਹੇ ਹਨ। ਪੰਜਾਬ ਵਿੱਚ ਸ਼ੁਭਦੀਪ ਸਿੰਘ ਮੂਸੇਵਾਲਾ ਦੇ ਕਤਲ ਸਮੇਂ ਹੋਏ ਵਿਸ਼ਾਲ ਧਰਨੇ ਤੋਂ ਬਾਅਦ ਲਗਪਗ ਇਹ ਧਰਨਾ ਵੀ ਉਤਨਾ ਹੀ ਵੱਡਾ ਹੈ। ਉਸੇ ਤਰ੍ਹਾਂ ਵਹੀਰਾਂ ਘੱਤਕੇ ਹਰ ਵਰਗ ਦੇ ਲੋਕ ਧਰਨੇ ਵਿੱਚ ਸ਼ਾਮਲ ਹੋ ਰਹੇ ਹਨ। ਪੰਜਾਬ ਦੇ ਲੋਕਾਂ ਵਿੱਚ ਪਰਮਿੰਦਰ ਸਿੰਘ ਝੋਟਾ ਦੇ ਕਤਲ ਦਾ ਬਹੁਤ ਗੁੱਸਾ ਹੈ। ਇਸ ਧਰਨੇ ਦਾ ਪ੍ਰਭਾਵ ਲੋਕਾਂ ਵਿੱਚ ਇਕੱਲੇ ਮੈਡੀਕਲ ਨਸ਼ੇ ਦੇ ਵਿਰੋਧ ਦਾ ਜਾ ਰਿਹਾ ਹੈ। ਇਸ ਧਰਨੇ ਵਿੱਚ ਚਿੱਟਾ ਬੰਦ ਕਰਨ ਦੀ ਮੰਗ ਕੀਤੀ ਤਾਂ ਜਾ ਰਹੀ ਹੈ, ਪ੍ਰੰਤੂ ਮੁੱਖ ਤੌਰ 'ਤੇ ਮੈਡੀਕਲ ਨਸ਼ੇ ਨੂੰ ਬੰਦ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪੰਜਾਬ ਦੀ ਜਵਾਨੀ ਦਾ ਘਾਣ ਭਾਵੇਂ ਦੋਵੇਂ ਨਸ਼ੇ ਕਰ ਰਹੇ ਹਨ, ਪ੍ਰੰਤੂ ਚਿੱਟੇ ਆਰਥਾਤ ਕੈਮੀਕਲ ਨਸ਼ੇ ਦਾ ਮੁੱਖ ਯੋਗਦਾਨ ਹੈ। ਭਾਵੇਂ ਦੋਵੇਂ ਨਸ਼ੇ ਮਨੁੱਖੀ ਜ਼ਿੰਦਗੀ ਲਈ ਖ਼ਤਰਨਾਕ ਹਨ, ਪ੍ਰੰਤੂ ਮੈਡੀਕਲ ਨਸ਼ਾ ਬਹੁਤੀ ਜਲਦੀ ਜ਼ਿੰਦਗੀ ਨੂੰ ਖ਼ਤਮ ਨਹੀਂ ਕਰਦਾ, ਜਦੋਂ ਕਿ ਚਿੱਟੇ ਦਾ ਨਸ਼ਾ ਕੁਝ ਹੀ ਸਮੇਂ ਵਿੱਚ ਜ਼ਿੰਦਗੀ ਖ਼ਤਮ ਕਰ ਦਿੰਦਾ ਹੈ। ਸਰਕਾਰਾਂ ਮੈਡੀਕਲ ਅਤੇ ਚਿੱਟੇ ਦੇ ਨਸ਼ੇ ਦੀ ਸਪਲਾਈ ਬੰਦ ਕਰਨ ਵਿੱਚ ਅਸਫਲ ਹੋ ਰਹੀਆਂ ਹਨ। ਡਾਕਟਰਾਂ ਅਨੁਸਾਰ ਮੈਡੀਕਲ ਨਸ਼ਾ ਉਤਨਾ ਖ਼ਤਰਨਾਕ ਨਹੀਂ ਜਿਤਨਾ ਚਿੱਟੇ ਦਾ ਨਸ਼ਾ ਖ਼ਤਰਨਾਕ ਹੈ। ਚਿੱਟਾ ਖ਼ਾਣ ਨਾਲ ਤੁਰੰਤ ਮੌਤ ਹੋ ਜਾਂਦੀ ਹੈ, ਪ੍ਰੰਤੂ ਮੈਡੀਕਲ ਨਸ਼ੇ ਨਾਲ ਤੁਰੰਤ ਮੌਤ ਨਹੀਂ ਹੁੰਦੀ। ਜੇਕਰ ਮੈਡੀਕਲ ਨਸ਼ੇ ਦੀ ਗ਼ਲਤ ਵਰਤੋਂ ਨਾ ਹੋਵੇ ਤਾਂ ਬਹੁਤਾ ਨੁਕਸਾਨਦਾਇਕ ਨਹੀਂ ਹੁੰਦਾ। ਭਾਵ ਉਸਦੀ ਵਰਤੋਂ ਨਿਸਚਤ ਮਾਤਰਾ ਤੋਂ ਵੱਧ ਨਾ ਕੀਤੀ ਜਾਵੇ। ਇਹ ਦਵਾਈਆਂ ਜਿਨ੍ਹਾਂ ਨੂੰ ਬੰਦ ਕਰਨ ਦੀ ਮੰਗ ਹੋ ਰਹੀ ਹੈ, ਇਹ ਦਵਾਈਆਂ ਡਾਕਟਰ ਮਰੀਜ਼ਾਂ ਲਈ ਜ਼ਰੂਰੀ ਕਹਿ ਰਹੇ ਹਨ, ਪ੍ਰੰਤੂ ਜੇਕਰ ਇਨ੍ਹਾਂ ਦੀ ਦੁਰਵਰਤੋਂ ਕੀਤੀ ਜਾਵੇ ਤਾਂ ਖ਼ਤਰਨਾਕ ਸਾਬਤ ਹੁੰਦੀਆਂ ਹਨ। ਡਾਕਟਰਾਂ ਅਨੁਸਾਰ ਇਨ੍ਹਾਂ ਦਵਾਈਆਂ ਦੇ ਬੰਦ ਹੋਣ ਨਾਲ ਮਰੀਜ਼ਾਂ ਦੀਆਂ ਬਿਮਾਰੀਆਂ ਦੇ ਇਲਾਜ਼ ਵਿੱਚ ਮੁਸ਼ਕਲ ਆਵੇਗੀ। ਕਈ ਬਿਮਾਰੀਆਂ ਲਈ ਇਹ ਦਵਾਈਆਂ ਅਤਿਅੰਤ ਜ਼ਰੂਰੀ ਹਨ। ਅੱਜ ਕਲ੍ਹ ਬਹੁਤੇ ਮਰੀਜ਼ ਡਿਪਰੈਸ਼ਨ ਦੇ ਆ ਰਹੇ ਹਨ। ਇਹ ਦਵਾਈਆਂ ਦਿਮਾਗ 'ਤੇ ਬੋਝ ਘਟਾਉਂਦੀਆਂ ਹਨ। ਇਨ੍ਹਾਂ ਨਾਲ ਮਜ਼ਦੂਰਾਂ ਵਿੱਚ ਕੰਮ ਕਰਨ ਦੀ ਤਾਕਤ ਵੱਧ ਜਾਂਦੀ ਹੈ। ਇਥੇ ਇਹ ਸਵਾਲ ਨਹੀਂ ਕਿ ਮੈਡੀਕਲ ਨਸ਼ੇ ਘੱਟ ਨੁਕਸਾਨਦਾਇਕ ਹਨ। ਮਸਲਾ ਤਾਂ ਇਹ ਹੈ ਕਿ ਮੈਡੀਕਲ ਨਸ਼ਾ ਆਮ ਨਹੀਂ ਮਿਲਣਾ ਚਾਹੀਦਾ। ਹਰ ਦੁਕਾਨਦਾਰ ਬਿਨਾ ਡਾਕਟਰ ਦੇ ਲਿਖਣ 'ਤੇ ਇਹ ਦਵਾਈ ਨਾ ਦੇਵੇ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਮੈਡੀਕਲ ਸਟੋਰਾਂ ਦੀ ਨਿਗਰਾਨੀ ਸਹੀ ਹੋਣੀ ਚਾਹੀਦੀ ਹੈ। ਜੇਕਰ ਸਰਕਾਰ ਮੈਡੀਕਲ ਨਸ਼ੇ ਦੀਆਂ ਦਵਾਈਆਂ ਦੀ ਵੰਡ ਨੂੰ ਸੁਚੱਜੇ ਢੰਗ ਨਾਲ ਕਰ ਲਵੇ ਤੇ ਡਰੱਗ ਕੰਟਰੋਲਰ ਇਮਾਨਦਾਰੀ ਨਾਲ ਮੈਡੀਕਲ ਸਟੋਰਾਂ 'ਤੇ ਨਿਗਰਾਨੀ ਕਰਨ ਤਾਂ ਮੈਡੀਕਲ ਨਸ਼ੇ ਨਾਲ ਮਰਨ ਵਾਲਿਆਂ ਨੂੰ ਰੋਕਿਆ ਜਾ ਸਕਦਾ ਹੈ। ਪੰਜਾਬ ਵਿੱਚ 16000 ਪ੍ਰਚੂਨ ਦੇ ਮੈਡੀਕਲ ਸਟੋਰ ਹਨ ਅਤੇ 8000 ਥੋਕ ਦੀਆਂ ਦੁਕਾਨਾ ਹਨ। ਮੈਡੀਕਲ ਸਟੋਰ ਵਾਲਿਆਂ ਨੇ ਤਾਂ ਫ਼ੈਸਲਾ ਕਰ ਲਿਆ ਹੈ ਕਿ ਉਹ ਇਹ ਦਵਾਈਆਂ ਨਹੀਂ ਵੇਚਣਗੇ। ਹੁਣ ਫਿਰ ਉਨ੍ਹਾਂ ਮਰੀਜ਼ਾਂ ਦਾ ਕੀ ਬਣੇਗਾ, ਜਿਨ੍ਹਾਂ ਲਈ ਡਾਕਟਰ ਇਹ ਦਵਾਈਆਂ ਜ਼ਰੂਰੀ ਕਹਿ ਰਹੇ ਹਨ। ਹੁਣ ਸਰਕਾਰ ਨੂੰ ਕੋਈ ਸਾਰਥਿਕ ਕਦਮ ਚੁੱਕਣੇ ਪੈਣਗੇ। ਸਰਕਾਰ ਨੂੰ ਮਿਲੀ ਭੁਗਤ ਦੇ ਮਾਫੀਏ ਨੂੰ ਖ਼ਤਮ ਕਰਨਾ ਹੋਵੇਗਾ ਤਾਂ ਹੀ ਕਿਤੇ ਜਾ ਕੇ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਤੋਂ ਨਿਜਾਤ ਮਿਲੇਗੀ। ਜੇਕਰ ਇਸ ਧਰਨੇ ਤੋਂ ਬਾਅਦ ਵੀ ਨਸ਼ਿਆਂ ਨੂੰ ਰੋਕਣ ਦਾ ਕੋਈ ਵਾਜਬ ਹੱਲ ਨਾ ਨਿਕਲਿਆ ਤਾਂ ਪੰਜਾਬ ਵਿੱਚ ਲੋਕਾਂ ਦਾ ਗੁੱਸਾ ਬਰਦਾਸ਼ਤ ਕਰਨਾ ਅਸੰਭਵ ਹੋ ਜਾਵੇਗਾ। ਧਰਨਾਕਾਰੀਆਂ ਨੂੰ ਵੀ ਇਹ ਧਰਨਾ ਸ਼ਾਂਤਮਈ ਰੱਖਦਿਆਂ ਸ਼ਰਾਰਤੀ ਅਨਸਰਾਂ ਦੀਆਂ ਕਾਰਵਾਈਆਂ 'ਤੇ ਨਿਗਾਹ ਰੱਖਣੀ ਚਾਹੀਦੀ ਹੈ। 64 ਡਰੱਗ ਇਨਸਪੈਕਟਰ ਮੈਡੀਕਲ ਸਟੋਰਾਂ ਅਰਥਾਤ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਦੀ ਨਿਗਰਾਨੀ ਕਰਨ ਵਾਲੇ ਹਨ। ਸਰਕਾਰ ਦੀ ਨੀਅਤ ਅਤੇ ਨੀਤੀ ਸਾਫ਼ ਹੋਣੀ ਚਾਹੀਦੀ ਹੈ। ਜੇਕਰ ਡਰੱਗ ਇਸਪੈਕਟਰ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਕਰਨ ਤੇ ਸਿਆਸੀ ਅਤੇ ਅਫ਼ਸਰਸ਼ਾਹੀ ਦੀ ਦਖ਼ਲ ਅੰਦਾਜ਼ੀ ਨਾ ਹੋਵੇ ਤਾਂ ਪਰਮਿੰਦਰ ਸਿੰਘ ਝੋਟੇ ਵਰਗਿਆਂ ਸਮਾਜ ਸੇਵਕਾਂ ਨੂੰ ਮੈਡੀਕਲ ਨਸ਼ੇ ਰੋਕਣ ਦੀ ਲੋੜ ਹੀ ਨਾ ਪਵੇ।

ਪਰਮਿੰਦਰ ਸਿੰਘ ਝੋਟੇ ਦੇ ਹੱਕ ਵਿੱਚ ਇਨਸਾਫ਼ ਦੀ ਲੜਾਈ ਲੜ ਰਹੇ ਧਰਨੇ 'ਤੇ ਬੈਠੇ ਲੋਕਾਂ ਅਤੇ ਜਿਹੜੀ ਐਕਸ਼ਨ ਕਮੇਟੀ ਬਣੀ ਹੈ, ਉਨ੍ਹਾਂ ਨੂੰ ਮੈਡੀਕਲ ਨਸ਼ੇ ਦੇ ਨਾਲ ਹੀ ਕੈਮੀਕਲ ਨਸ਼ਿਆਂ ਨੂੰ ਬੰਦ ਕਰਨ ਲਈ ਵੀ ਸਰਕਾਰ 'ਤੇ ਜ਼ੋਰ ਪਾਉਣਾ ਚਾਹੀਦਾ ਹੈ। ਐਕਸ਼ਨ ਕਮੇਟੀ ਵਿੱਚ ਸਾਰੇ ਵਰਗਾਂ ਦੇ ਬਹੁਤ ਹੀ ਸੁਲਝੇ ਹੋਏ ਲੋਕ ਸ਼ਾਮਲ ਹਨ, ਉਨ੍ਹਾਂ ਤੋਂ ਪੰਜਾਬ ਦੇ ਨਸ਼ਿਆਂ ਦੇ ਪੀੜਤ ਪਰਿਵਾਰ ਆਸ ਲਗਾਈ ਬੈਠੇ ਹਨ। ਅਜਿਹੇ ਮੌਕਿਆਂ 'ਤੇ ਕੁਝ ਸ਼ਰਾਰਤੀ ਅਨਸਰ ਵੀ ਭਾਵਨਾਤਮਿਕ ਅਤੇ ਭੜਕਾਊ ਭਾਸ਼ਣ ਦੇ ਕੇ ਧਰਨਾਕਾਰੀਆਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ। ਐਕਸ਼ਨ ਕਮੇਟੀ ਨੂੰ ਅਜਿਹੇ ਲੋਕਾਂ ਦੀਆਂ ਕਾਰਵਾਈਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਪਰਮਿੰਦਰ ਸਿੰਘ ਝੋਟੇ ਦਾ ਪਰਿਵਾਰ ਤਾਂ ਗਹਿਰੇ ਸਦਮੇ ਵਿੱਚ ਹੈ। ਸ਼ਰਾਰਤੀ ਅਨਸਰਾਂ ਤੋਂ ਬੱਚਕੇ ਰਹਿਣਾ ਚਾਹੀਦਾ ਹੈ। ਇਸ ਸਮੇਂ ਇਹ ਧਰਨਾ ਚਰਮ ਸੀਮਾ 'ਤੇ ਹੈ। ਸਰਕਾਰ ਨਾਲ ਗੱਲਬਾਤ ਵੀ ਜ਼ਾਰੀ ਰੱਖਣੀ ਜ਼ਰੂਰੀ ਹੁੰਦੀ ਹੈ, ਕਿਉਂਕਿ ਹਰ ਵੱਡੇ ਤੋਂ ਵੱਡਾ ਮਸਲਾ ਅਖ਼ੀਰ ਗੱਲਬਾਤ ਤੋਂ ਬਾਅਦ ਹੀ ਹੱਲ ਹੁੰਦਾ ਹੈ। ਧਰਨਾਕਾਰੀਆਂ ਨੇ ਪਰਮਿੰਦਰ ਸਿੰਘ ਝੋਟੇ ਦੀ ਨਸ਼ਿਆਂ ਵਿਰੁੱਧ ਲੜਾਈ ਨੂੰ ਲਗਾਤਾਰ ਜ਼ਾਰੀ ਰੱਖਦਿਆਂ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣਾ ਹੈ। ਪੰਜਾਬੀ ਹਮੇਸ਼ਾ ਹਰ ਸਮੇਂ ਹਰ ਅੰਦੋਲਨ ਵਿੱਚ ਸਫਲ ਹੁੰਦੇ ਹਨ। ਤਾਜ਼ਾ ਮਿਸਾਲ ਤਿੰਨ ਕਾਲੇ ਕਾਨੂੰਨਾਂ ਦੀ ਲੜਾਈ ਦੇ ਨਤੀਜੇ ਸਾਹਮਣੇ ਹਨ, ਭਾਵੇਂ ਕੇਂਦਰ ਸਰਕਾਰ ਪੂਰੀ ਤਰ੍ਹਾਂ ਕੀਤੇ ਵਾਅਦੇ 'ਤੇ ਖ਼ਰੀ ਨਹੀਂ ਉਤਰੀ, ਜਿਸ ਕਰਕੇ ਕਿਸਾਨ ਜੱਥੇਬੰਦੀਆਂ ਅਜੇ ਤੱਕ ਲੜਾਈ ਲੜ ਰਹੀਆਂ ਹਨ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

Calgary



ਫੁਲਝੜੀਆਂ ਜਲਾਓ, ਪਟਾਕੇ ਨਹੀਂ

ਦੀਵਾਲੀ ਅਤੇ ਬੰਦੀ ਛੋੜ ਦਿਵਸ ਸੁਰੱਖਿਅਤ ਢੰਗ ਨਾਲ ਮਨਾਓ।

ਜਦੋਂ ਤੁਸੀਂ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਨਾਲ ਜਸ਼ਨ ਮਨਾਉਂਦੇ ਹੋ, ਤਾਂ ਅੱਗ ਲੱਗਣ, ਸੱਟਾਂ ਲੱਗਣ, ਪ੍ਰਾਪਰਟੀ ਦੇ ਨੁਕਸਾਨ ਅਤੇ ਗੁਆਂਢੀਆਂ, ਪਾਲਤੂ ਜਾਨਵਰਾਂ ਤੇ ਜੰਗਲੀ ਜੀਵਾਂ 'ਤੇ ਪੈਣ ਵਾਲੇ ਬੇਲੋੜੇ ਸ਼ੋਰ ਦੇ ਪ੍ਰਭਾਵਾਂ ਨੂੰ ਰੋਕ ਕੇ ਸਾਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੋ।

ਕੈਲਗਰੀ ਵਿੱਚ, ਬਿਨਾਂ ਪਰਮਿਟ ਦੇ ਪਟਾਕੇ ਵੇਚਣ, ਵਰਤਣ ਜਾਂ ਆਪਣੇ ਕੋਲ ਰੱਖਣ ਦੀ ਇਜਾਜ਼ਤ ਨਹੀਂ ਹੈ।

ਇਜਾਜ਼ਤ ਹੈ

"ਸੀਮਤ ਪ੍ਰਭਾਵਾਂ ਵਾਲੇ ਅਨੋਖੇ ਉਪਕਰਣਾਂ" ਜਿਵੇਂ ਕਿ ਬਰਥਡੇ ਕੇਕ ਸਪਾਰਕਲਰਾਂ ਅਤੇ ਕੌਨਫੇਟੀ ਪੋਪਰਾਂ ਦੀ।

ਇਜਾਜ਼ਤ ਨਹੀਂ ਹੈ

ਆਮ ਵਰਤੋਂ ਵਾਲੇ ਪਟਾਕਿਆਂ, ਪ੍ਰਦਰਸ਼ਨੀ ਵਾਲੀ ਆਤਿਸ਼ਬਾਜੀ ਅਤੇ ਪਟਾਕਿਆਂ ਦੀ।
ਪਟਾਕਿਆਂ ਅਤੇ ਆਤਿਸ਼ਬਾਜ਼ੀਆਂ ਦੇ ਪ੍ਰਦਰਸ਼ਨਾਂ ਦੀ ਵਰਤੋਂ ਸਿਰਫ਼ ਫਾਇਰਵਰਕਸ ਪਰਮਿਟ ਵਾਲੇ ਲਾਇਸੰਸਸ਼ੁਦਾ ਆਪਰੇਟਰ ਦੁਆਰਾ ਹੀ ਕੀਤੀ ਜਾ ਸਕਦੀ ਹੈ।

Calgary



ਪਟਾਕੇ

ਨਿਯਮ ਅਤੇ ਸੁਰੱਖਿਆ

ਕੈਲਗਰੀ ਸ਼ਹਿਰ ਵਿੱਚ ਪਟਾਕਿਆਂ ਦੀ ਵਰਤੋਂ, ਉਨ੍ਹਾਂ ਨੂੰ ਆਪਣੇ ਕੋਲ ਰੱਖਣ ਅਤੇ ਉਨ੍ਹਾਂ ਨੂੰ ਚਲਾਉਣ ਸੰਬੰਧੀ ਨਿਯਮ ਹਨ।

- ਤੁਸੀਂ ਪਟਾਕਿਆਂ ਦਾ ਪ੍ਰਦਰਸ਼ਨ ਨਹੀਂ ਕਰ ਸਕਦੇ ਜਾਂ ਉਨ੍ਹਾਂ ਨੂੰ ਵੇਚ ਨਹੀਂ ਸਕਦੇ।
- ਤੁਸੀਂ ਫਾਇਰ ਚੀਫ਼ ਦੁਆਰਾ ਜਾਰੀ ਕੀਤੇ ਗਏ ਵੈਧ ਫਾਇਰਵਰਕਸ ਪਰਮਿਟ ਤੋਂ ਬਿਨਾਂ ਪਟਾਕੇ ਖਰੀਦ, ਸੰਭਾਲ, ਸਟੋਰ, ਆਪਣੇ ਕੋਲ ਰੱਖ ਜਾਂ ਉਨ੍ਹਾਂ ਨੂੰ ਚਲਾ ਨਹੀਂ ਸਕਦੇ।

ਕੀ ਕਰਨ ਦੀ ਇਜਾਜ਼ਤ ਹੈ?

ਇਜਾਜ਼ਤ ਹੈ

ਫੁਲਝੜੀਆਂ ਅਤੇ party poppers ਵਰਗੇ ਸੀਮਤ ਪ੍ਰਭਾਵਾਂ ਵਾਲੇ ਅਨੋਖੇ ਉਪਕਰਣਾਂ ਦੀ।

ਇਜਾਜ਼ਤ ਨਹੀਂ ਹੈ

- Roman candles, fountains, volcanoes, snakes, mines, ground spinners, flying spinners ਵਰਗੇ ਖਪਤਕਾਰ ਪਟਾਕਿਆਂ ਦੀ।
- Aerial shell, multi-shot cakes, barrages, waterfalls, set pieces ਵਰਗੇ ਪਟਾਕਿਆਂ ਨੂੰ ਪ੍ਰਦਰਸ਼ਿਤ ਕਰਨ ਦੀ।
- ਪਟਾਕਿਆਂ ਦੀ।

ਕੈਲਗਰੀ ਦੇ ਭਵਿੱਖ ਨੂੰ ਆਕਾਰ ਦੇਣਾ

Calgary



ਫੁਲਝੜੀਆਂ ਜਲਾਓ, ਪਟਾਕੇ ਨਹੀਂ

ਦੀਵਾਲੀ ਅਤੇ ਬੰਦੀ ਛੋੜ ਦਿਵਸ ਸੁਰੱਖਿਅਤ ਢੰਗ ਨਾਲ ਮਨਾਓ।

ਸਰੋਤਾਂ ਅਤੇ ਜਸ਼ਨ ਮਨਾਉਣ ਦੇ ਤਰੀਕਿਆਂ ਬਾਰੇ ਜਾਣਕਾਰੀ ਲਈ, **calgary.ca/diwali** 'ਤੇ ਜਾਓ।
ਨਿਯਮਾਂ, ਪਰਮਿਟਾਂ ਅਤੇ ਜੁਰਮਾਨਿਆਂ ਬਾਰੇ ਜਾਣਕਾਰੀ ਲਈ, **calgary.ca/fireworks** 'ਤੇ ਜਾਓ।
ਪਟਾਕਿਆਂ ਦੀ ਗੈਰ-ਕਾਨੂੰਨੀ ਵਰਤੋਂ ਦੀ ਰਿਪੋਰਟ ਕਰਨ ਲਈ **311** 'ਤੇ ਕਾਲ ਕਰੋ।
ਅੱਗ ਲੱਗਣ ਅਤੇ ਐਮਰਜੈਂਸੀਆਂ ਦੀ ਰਿਪੋਰਟ ਕਰਨ ਲਈ **9-1-1** 'ਤੇ ਕਾਲ ਕਰੋ।

ਕੈਲਗਰੀ ਦੇ ਭਵਿੱਖ ਨੂੰ ਆਕਾਰ ਦੇਣਾ

ਕਾਗਜ਼ੀ ਵਿਚੋਲਪੁਣਾ

ਲੜਕੇ ਦੀ ਲੋੜ

ਕੈਨੇਡੀਅਨ, ਜੱਟ ਸਿੱਖ ਲੜਕੀ ਜਨਮ 1982, ਕੱਦ 5 ਫੁੱਟ 6 ਇੰਚ, ਐਮ ਏ ਪੜੀ ਲਿਖੀ ਲਈ ਕੈਨੇਡਾ ਵਿੱਚ ਹੀ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 891 3435 ***308***3***

ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਖੈਹਿਰਾ ਪਰਿਵਾਰ ਦੀ ਲੜਕੀ, ਉਮਰ 34 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,(ਪੰਜਾਬ) , ਕਮਿਊਨਿਟੀ ਮੈਂਟਲ ਹੈਲਥ ਨਰਸਿੰਗ ਵਿੱਚ ਪੋਸਟ ਗਰੈਜੂਏਸ਼ਨ ਅਤੇ ਹੈਲਥ ਕੇਅਰ ਏਡ ਐਂਡ ਯੂਨਿਟ ਕਲਰਕ (ਕੈਨੇਡਾ) ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 587 837 2592 ***308***3***

ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ 1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA, B.Ed. and Cosmetology (Beautician) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ । ਸੰਪਰਕ:+1 (403) 498-5719 ***307***3***

ਲੜਕੀ ਦੀ ਲੋੜ

ਰਾਮਗੜੀਆ ਭੇਲੇ ਖੱਤੀ ਪਰਿਵਾਰ ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: (ਬੀ ਬੀ ਏ) ਹੈਵੀ ਡਿਊਟੀ ਟਰੱਕ ਅਲਾਈਨਮੈਂਟ ਕੋਰਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 881 0708 ਜਾਂ ਈ ਮੇਲ: miakashdeep@gmail.com ***307***3***

ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿੰਦੇ ਲੜਕੇ ਜਨਮ 2000,ਕੱਦ 5 ਫੁੱਟ 11 ਇੰਚ,ਜਨਰਲ ਬਿਜਨੈਸ ਡਿਪਲੋਮਾ ਹੋਲਡਰ,ਟਰੱਕਿੰਗ ਦੀ ਜੌਬ ਕਰਦੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1647 897 9762 ***307***3***

ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕਸੁਦਾ, ਵੈਜੀਟੇਰੀਅਨ ਲੜਕੀ ਜਨਮ 1991(ਇੰਡੀਆ),ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ: ਪਰਸੂਇੰਗ ਫੈਮਿਲੀ ਨਰਸ ਪ੍ਰੈਕਟੀਸਨਰ(ਐਫ ਐਨ ਪੀ) ਕਿੱਤਾ ਰਜਿਸਟਰਡ ਨਰਸ, ਇਸ ਵੇਲੇ ਕੌਲਰੋਡੋ(ਅਮਰੀਕਾ) ਵਿੱਚ ਰਹਿੰਦੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 700 1717 ਜਾਂ ਈ ਮੇਲ: gurbirg@gmail.com ***307***3***

ਲੜਕੇ ਦੀ ਲੋੜ

Ramgarhia Sikh parents seeking a match for their India born daughter, Canadian PR, born 1995, 5' 7", MSc Math from India, master's in supply chain management in Canada. Boy should be well educated well mannered and well settled in Canada with good moral values. Calgary and nearby preferred. Upper caste welcomed. Contact: +91 98153 11566 or email: singhshaifali48@gmail.com ***309***3***

ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਪੰਜਾਬ ਯੂਨੀਵਰਿਸਟੀ ਚੰਡੀਗੜ੍ਹ ਤੋਂ ਬੀ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਅਤੇ ਭੈਣ ਕੈਨੇਡਾ ਵਿੱਚ ਹੀ ਪੱਕੇ ਤੌਰ 'ਤੇ ਸੈਟਲ ਆਪੋ ਆਪਣੇ ਘਰਾਂ ਦੇ ਮਾਲਕ ਹਨ। ਸੰਪਰਕ :1 587 897 2737 ਜਾਂ 1 403 925 0642 ***306***3

ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ (ਸੱਗੂ/ਮਠਾੜੂ) ਪਰਿਵਾਰ ਦੇ ਲੜਕੇ ਜਨਮ 1998,ਕੱਦ 5 ਫੁੱਟ 10 ਇੰਚ,ਐਜੂਕੇਸ਼ਨ: ਬੈਚੂਲਰ ਆਫ ਆਰਟਸ, ਫਰੇਮਿੰਗ ਦਾ ਬਿਜਨਿਸ ਕਰਦੇ ਲਈ,ਹਾਣ ਪਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 437 9484 ਜਾਂ 403 361 1790 ***306***3

ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***305***3***

ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 2002,ਕੱਦ 5 ਫੁੱਟ 11 ਇੰਚ, ਬਿਜ਼ਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਮਾਲਵਾ ਖੇਤਰ ਨੂੰ ਪਹਿਲ । ਸੰਪਰਕ:+1 (639) 916-1637 ***305***3***

ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***305***3***

ਲੜਕੀ ਦੀ ਲੋੜ

ਪੰਜਾਬ (ਫਗਵਾੜਾ) ਰਹਿੰਦੇ ਬੰਗੜ ਪਰਿਵਾਰ ਦੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 8 ਇੰਚ,ਬੀ ਟੈੱਕ ਕੰਪਿਊਟਰ ਇੰਜੀਨੀਅਰ ਆਈ ਟੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਪਿਤਾ ਕਲਾਸ 1 ਅਫ਼ਸਰ ਰਿਟਾਇਰ ਹੋਇਆ ਹੈ ਅਤੇ ਭੈਣ ਡਾਕਟਰ ਹੈ । ਸੰਪਰਕ:91 9814712244 ***305***3***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਖੰਨਾ ਇਲਾਕੇ ਨਾਲ ਸਬੰਧਿਤ ਐਡਮਿੰਟਨ ਵਿਖੇ ਘਰਾਂ ਦੀ ਫਰੇਮਿੰਗ ਦਾ ਆਪਣਾ ਕਾਰੋਬਾਰ ਕਰਦੇ, ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ,ਜਨਮ 2001, ਕੱਦ 6 ਫੁੱਟ,ਪਲੱਸ 2 ਨਾਨ ਮੈਡੀਕਲ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਮਕਾਨ ਹੈ। ਸੰਪਰਕ: Email- sahibmann076@gmail.com ***304***3

ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਟੋਇਟਾ ਆਟੋਮੋਬਾਈਲ ਵਿਖੇ ਬਾਡੀ ਸਾਪ ਐਡਵਾਈਜਰ ਦੀ ਚੰਗੀ ਨੌਕਰੀ ਕਰਦੇ ਲੜਕੇ ਜਨਮ 1992,ਕੱਦ 5 ਫੁੱਟ 10 ਇੰਚ, ਮਕੈਨੀਕਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਧਵਾ ਜਾਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਿਤਾ ਸਰਕਾਰੀ ਜੌਬ ਤੋਂ ਰਿਟਾਇਰਡ ਅਤੇ ਭਰਾ ਯੂਕੇ ਵਿੱਚ ਪੱਕੇ ਤੌਰ ਤੇ ਰਹਿ ਰਿਹਾ ਹੈ। ਸੰਪਰਕ: 91 7009758858 ***304***3

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***306***rana*

ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth (Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***306**k**

ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 306*Roop**

ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***315 rao***

ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

ਘਰੇਲੂ ਕੰਮ ਕਰਨ ਲਈ ਔਰਤ ਦੀ ਲੋੜ

ਚੈਸਟਰਮੀਅਰ ਰਹਿੰਦੇ ਚੰਗੇ ਪੜ੍ਹੇ-ਲਿਖੇ ਪੰਜਾਬੀ ਪਰਿਵਾਰ ਨੂੰ ਘਰ ਅੰਦਰ ਪਰਿਵਾਰਕ ਮੈਂਬਰਾਂ ਜਿਹੇ ਮਾਹੌਲ ਵਿੱਚ ਕੰਮ ਕਰਨ ਲਈ ਔਰਤ ਦੀ ਲੋੜ ਹੈ। ਜੇਕਰ ਆਉਣ ਜਾਣ ਦੀ ਤਕਲੀਫ ਹੈ ਤਾਂ ਜੋੜਾ ਜਾਂ ਇਕੱਲੀ ਔਰਤ ਸਾਡੇ ਘਰ ਰਹਿ ਵੀ ਸਕਦੀ ਹੈ।

ਸੰਪਰਕ: 403 975 0128

ਰਸੋਈਏ ਦੀ ਲੋੜ ਹੈ

ਸਿੱਖ ਸੁਸਾਇਟੀ ਆਫ਼ ਸਸਕੈਚਵਨ ਨੂੰ ਇੱਕ ਤਜਰਬੇਕਾਰ ਤੇ ਮਿਹਨਤੀ ਰਸੋਈਏ ਦੀ ਲੋੜ ਹੈ।

ਯੋਗਤਾ: ਪੰਜਾਬੀ ਤੇ ਉੱਤਰੀ ਭਾਰਤੀ ਖਾਣੇ ਪਕਾਉਣ ਦਾ ਤਜਰਬਾ, ਵੱਡੀ ਗਿਣਤੀ ਲਈ ਖਾਣਾ ਤਿਆਰ ਕਰਨ ਦੀ ਸਮਰੱਥਾ, ਕੈਨੇਡਾ ਵਿੱਚ ਕੰਮ ਕਰਨ ਦੀ ਕਾਨੂੰਨੀ ਯੋਗਤਾ--

ਜ਼ਿੰਮੇਵਾਰੀਆਂ: ਰੋਜ਼ਾਨਾ ਤੇ ਖ਼ਾਸ ਮੌਕਿਆਂ ਦੇ ਸਮਾਗਮਾਂ ਲਈ ਖਾਣਾ ਤਿਆਰ ਕਰਨਾ, ਰਸੋਈ ਦਾ ਸਮਾਨ ਤੇ ਰਾਸ਼ਨ ਸੰਭਾਲਣਾ, ਸੇਵਾਦਾਰਾਂ ਨਾਲ ਤਾਲਮੇਲ ਰੱਖਣਾ, ਕੀਰਤਨ ਅਤੇ ਤਬਲਾ ਜਾਣਦਾ ਹੋਵੇ, **ਸੰਪਰਕ: 306 261-7373**

Name Change

I MANDEEP KAUR, Daughter of MOHAN SINGH, holder of Indian passport No. Y1363381, issued at CHANDIGARH, on 27/03/2024, permanent resident of, VILL: BHOJE MAJRA, TEH: CHAMKAUR SAHIB, ROPAR, PIN: 140111, PUNJAB, INDIA, presently residing, 368 SKYVIEW SHORES MANOR NE, CALGARY, (AB) T3N0H4 CANADA. Do hereby change My name from MANDEEP KAUR to MANDEEP KAUR BANGE with immediate effect.
Date: 20/10/2026 Phone: 1 403 422 7006

Name Change

I, GURKIRPAL SINGH son of AMARJEET SINGH, holder of Indian passport No. X4356876, issued at CHANDIGARH, on 27/03/2024, permanent resident of, VILL: BHOJE MAJRA, TEH: CHAMKAUR SAHIB, ROPAR, PIN: 140111, PUNJAB, INDIA, presently residing, 368 SKYVIEW SHORES MANOR NE, CALGARY, (AB) T3N0H4 CANADA. Do hereby change My name from GURKIRPAL SINGH to GURKIRPAL SINGH BANGE with immediate effect.
Date: 20/10/2026 Phone: 1 431 338 7876

ਕਲਮੀ ਸੱਥ

ਇਹ ਸੋਹਣੀਆਂ ਸੱਸੀਆਂ ਹੀਰਾਂ ਦੀ।

ਗੁਰੂਆਂ ਦੀ ਪੀਰ ਫਕੀਰਾਂ ਦੀ ।
ਤੇ ਭਗਤ ਸਿੰਘ ਜਿਹੇ ਵੀਰਾਂ ਦੀ ।
ਮਾਂ ਗੁਜਰੀ ਵਰਗੀਆਂ ਮਾਵਾਂ ਦੀ ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹਦੇ ਖੇਤਾਂ ਵਿੱਚ ਹਰਿਆਲੀ ਏ।
ਇਹ ਭੁੱਖਿਆਂ ਦੀ ਰਖਵਾਲੀ ਏ।
ਇੱਜਤਾਂ ਤੇ ਅਣਖਾਂ ਵਾਲੀ ਏ ।
ਹਿੰਦੂ ਮੁਸਲਿਮ ਸਿੱਖ ਭਰਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹ ਧਰਤੀ ਵਾਰਿਸ ਸ਼ਾਹ ਦੀ ਏ।
ਪ੍ਰੀਤਾਂ ਦੇ ਸੱਚੇ ਗਵਾਹ ਦੀ ਏ ।
ਤੇ ਸਾਹ ਦੇ ਵਿਚ ਮਿਲਦੇ ਸ਼ਾਹ ਦੀ ਏ।
ਯਾਰਾ ਗਲ ਪਾਈਆਂ ਬਾਹਵਾ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹ ਧਰਤੀ ਦੁੱਲੇ ਭੱਟੀ ਦੀ।
ਲੱਜ ਰੱਖਦੀ ਏ ਪੱਗ ਵੱਟੀ ਦੀ।
ਭੱਤਾ ਲੈ ਕੇ ਚੱਲੀ ਜੱਟੀ ਦੀ ।
ਬੇਲੀ ਚਰਦੀਆਂ ਮੱਝੀਆਂ ਗਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਜਦ ਕਾਗ ਬਨੇਰੇ ਬੋਲਦਾ ਏ।
ਕਿਸੇ ਬਿਰਹਣ ਦਾ ਚਿੱਤ ਡੋਲਦਾ ਏ।
ਉਹਨੂੰ ਚੇਤਾ ਆਉਂਦਾ ਢੋਲ ਦਾ ਏ।
ਲੱਜ਼ ਰੱਖਦੀਆਂ ਕੁੜੀਆਂ ਲਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਜਦ ਆਉਂਦੀ ਏ ਰੁੱਤ ਸਾਵਣ ਦੀ।
ਪਿੱਪਲਾਂ ਤੇ ਪੀਘਾਂ ਪਾਵਣ ਦੀ।
ਨੱਚ ਨੱਚ ਕੇ ਧਰਤ ਹਿਲਾਵਣ ਦੀ।
ਗੱਲ ਛਿੜਦੀ ਅਥਰੇ ਚਾਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਇਹ ਜਦ ਆਪਣੀ ਆਈ ਤੇ ਆਉਂਦੀ ਏ।
ਤਖਤਾਂ ਸੰਗ ਜਾ ਟਕਰਾਉਂਦੀ ਏ।
ਨੀਹਾਂ ਵਿਚ ਪੁੱਤ ਚਨਾਉਂਦੀ ਏ।
ਸਰਬੱਤ ਲਈ ਨੇਕ ਦੁਆਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਕੰਮਿਆਣੇ ਦਾ ਸੱਚ ਕਹਿਣਾ ਏ।
ਜਿਸ ਇਸ ਧਰਤੀ ਤੇ ਰਹਿਣਾ ਏ।
ਉਹਨੇ ਸੁਰਗਾਂ ਤੋਂ ਕੀ ਲੈਣਾ ਏ।
ਮਿੱਟੀ ਸੰਦਲੀ ਇਹਦੀਆਂ ਰਾਹਵਾਂ ਦੀ।
ਸੋਹਣੀ ਧਰਤੀ ਪੰਜ ਦਰਿਆਵਾਂ ਦੀ।

ਧਰਮ ਕੰਮੇਆਣਾ

ਬੜੀ ਪਿਆਰੀ ਮਾਂ ਬੋਲੀ

ਸਿਰ ਤੇ ਸੰਘਣੀ ਛਾਂ ਬੋਲੀ
ਇਸ ਬੋਲੀ ਨੂੰ ਬਾਬੇ ਨਾਨਕ
ਬਾਣੀ ਵਿਚ ਵਡਿਆਇਆ
ਬੋਲ ਪੰਜਾਬੀ ਦੇ
ਸਭ ਨੂੰ ਏਸ ਨਚਾਇਆ
ਬੋਲ ਪੰਜਾਬੀ ਦੇ
ਸਭ ਨੂੰ ਏਸ ਨਚਾਇਆ।

ਊੜਾ ਆੜਾ ਈੜੀ ਸੱਸਾ
ਪੈਂਤੀ ਅੱਖਰ ਸਿੱਖੇ।
ਫੱਟੀ ਪੋਚ ਫੱਟੀ ਦੇ ਉਤੇ
ਸੋਹਣੇ ਅੱਖਰ ਲਿੱਖੇ।
ਬਿੰਦੀਆਂ ਵਾਲੇ ਅੱਖਰ ਲੱਭ ਕੇ
ਥਾਂ ਸਿਰ ਹਰ ਟਿਕਾਇਆ,
ਬੋਲ ਪੰਜਾਬੀ ਦੇ
ਸਭ ਨੂੰ ਨਾਲ ਨਚਾਇਆ।

ਸਿਹਾਰੀ ਨਾਲ ਬਿਹਾਰੀ ਜਾਣੀ
ਸੁਲਝ ਗਈ ਸੀ ਤਾਣੀ।
ਔਧਕ ਲੱਗੇ ਕਿੱਥੇ ਕਿੱਥੇ
ਇਹ ਵੀ ਰਮਜ਼ ਪਛਾਣੀ।
ਬਿੰਦੀ ਅਤੇ ਟਿੱਪੀ ਸਮਝੀ
ਫੱਟੜ ਨੇ ਸਮਝਾਇਆ,
ਬੋਲ ਪੰਜਾਬੀ ਦੇ
ਸਭ ਨੂੰ ਨਾਲ ਨਚਾਇਆ

ਗੁਰੂ ਅੰਗਦ ਸੁਧਾਈ ਕੀਤੀ
ਅੱਖਰ ਸੁੰਦਰ ਕੀਤੇ।
ਜਿਉਂ ਸਿਖਾਏ ਸਿੱਖੇ ਸਭਨਾਂ
ਅੰਮ੍ਰਿਤ ਵਾਂਗੂ ਪੀਤੇ।
ਮਹਾਰਾਜਾ ਰਣਜੀਤ ਸਿੰਘ ਨੇ
ਕਾਇਦਾ ਇੱਕ ਬਣਾਇਆ,
ਬੋਲ ਪੰਜਾਬੀ ਦੇ
ਸਭ ਨੂੰ ਨਾਲ ਨਚਾਇਆ।

ਟਿੱਬਿਆਂ ਵਾਲਾ ਰੇਤਾ ਬਣਿਆਂ
ਸੋਨਾ ਅੱਖਰ ਪੜ੍ਹ ਕੇ।
ਦੁੱਲੇ ਵਾਂਗੂ ਕਮਲ ਹੁਣ ਤਾਂ
ਹਰ ਮੰਚ ਤੇ ਬੜ੍ਹਕੇ।
ਪੈਂਤੀ ਅੱਖਰੀ ਮਾਂ ਹੈ ਮੇਰੀ
ਮੈਂ ਆਂ ਇਸਦਾ ਜਾਇਆ,
ਬੋਲ ਪੰਜਾਬੀ ਦੇ
ਸਭ ਨੂੰ ਨਾਲ ਨਚਾਇਆ
ਬੋਲ ਪੰਜਾਬੀ ਦੇ
ਸਭ ਨੂੰ ਨਾਲ ਨਚਾਇਆ। ।

ਗੀਤ: ਪੈਂਤੀ ਅੱਖਰੀ
ਗੀਤਕਾਰ:
ਡਾ ਕਮਲਜੀਤ ਸਿੰਘ ਟਿੱਬਾ

ਦਿਨੇ ਮੰਦਰ ਰਾਤ ਵੇਲੇ ਕੋਠੇ 'ਤੇ

ਦਿਨੇ ਮੰਦਰ ਰਾਤ ਵੇਲੇ ਕੋਠੇ 'ਤੇ ਜਚਦੇ ਦੇਖੇ ਨੇ ਕਈ ਸ਼ਰੀਫ
ਤਵਾਇਫ਼ ਦੀਆਂ ਉਂਗਲੀਆਂ 'ਤੇ ਨੱਚਦੇ ਦੇਖੇ ਨੇ ਕਈ ਸ਼ਰੀਫ

ਲਾਸ਼ਾਂ ਦੇ ਢੇਰ ਉੱਤੇ ਟਿਕਾਉਂਦੇ ਨੇ ਨੇਤਾ ਤਖ਼ਤ ਲੋਕਤੰਤਰ ਦਾ
ਮੰਦਿਰ ਮਸਜਿਦ ਨੂੰ ਲੜਾ ਕੇ ਸਾਜ਼ਿਸ਼ ਰਚਦੇ ਦੇਖੇ ਨੇ ਕਈ ਸ਼ਰੀਫ

ਹਰ ਵਾਰ ਬਦਲ ਲੈਂਦੇ ਨੇ ਉਹ ਪਾਰਟੀ ਸੱਤਾ 'ਚ ਰਹਿਣ ਲਈ
ਪਾ ਗਲ਼ 'ਚ ਭਗਵਾ ਪਰਨਾ ਈ.ਡੀ ਤੋਂ ਬਚਦੇ ਦੇਖੇ ਨੇ ਕਈ ਸ਼ਰੀਫ

ਕਟਵਾ ਕੇ ਉਂਗਲੀ ਲਿਖਵਾਉਣ ਨੂੰ ਫਿਰਦੇ ਨੇ ਸ਼ਹੀਦਾਂ 'ਚ ਨਾਮ
ਝੂਠ ਦੇ ਅਲੰਬਰਦਾਰ ਕਾਤਲ ਸੱਚ ਦੇ ਦੇਖੇ ਨੇ ਕਈ ਸ਼ਰੀਫ

ਮੂੰਹ 'ਚ ਰਾਮ ਰਾਮ ਬਗਲ 'ਚ ਛੁਰੀ ਰੱਖ ਕੇ ਜੋ ਬਣੇ ਸੀ ਧਨਵਾਨ
ਮਸਾਣਾਂ ਵਿੱਚ ਅਨਾਥਾਂ ਦੇ ਵਾਂਗ ਮੱਚਦੇ ਦੇਖੇ ਨੇ ਕਈ ਸ਼ਰੀਫ

ਅੱਜ ਕੱਲ੍ਹ ਰਾਜਨੀਤੀ ਕੋਈ ਨੀਤੀ ਨਹੀਂ ਬਦਨੀਤੀ ਦੀ ਕਲਾ ਹੈ
ਬਦੀ ਲਈ ਬਦਨੀਤ ਦੀਆਂ ਜੁੱਤੀਆਂ ਚੱਟਦੇ ਦੇਖੇ ਨੇ ਕਈ ਸ਼ਰੀਫ

ਵਕਤ ਵੇਲਣੇ 'ਚ ਦੇ ਕੇ ਬਾਂਹ ਵਿਰਲਾ ਹੀ ਬਣਦਾ ਹੈ ਭਗਤ ਸਿੰਘ
ਬੰਨ੍ਹ ਕੇ ਕੇਸਰੀ ਲਮਕਾ ਕੇ ਲੜ ਭੱਜਦੇ ਦੇਖੇ ਨੇ ਕਈ ਸ਼ਰੀਫ

ਨਰਿੰਦਰਜੀਤ ਸਿੰਘ ਬਰਾੜ
9815356601

ਪਤੰਦਰ

ਨਦੀਆਂ ਨਾਲੇ, ਸਭ ਸਮੁੰਦਰ ਖਾ ਗਿਆ।
ਦੇਸ਼ ਨੂੰ ਇੱਕ ਨਵਾਂ ਪਤੰਦਰ ਖਾ ਗਿਆ॥

ਚਲਿਆ ਸੀ ਓਹ,ਦੁਨੀਆਂ ਨੂੰ ਜਿੱਤਣ,
ਭੁਲੇਖਾ ਬਸ ਇਹੋ,ਸਿਕੰਦਰ ਖਾ ਗਿਆ।

ਕਿਸਾਨ ਵਿਚਾਰੇ, ਵਿਸ਼ਵਾਸਾਂ ਮਾਰੇ
ਕੋਈ ਬਾਹਰੋ, ਕੋਈ ਅੰਦਰ ਖਾ ਗਿਆ।

ਕਰਕੇ ਵਿਸਵਾਸ,ਸਭ ਤੇ ਵੇਖ ਲਿਆ,
ਤਾਹੀਓਂ ਪਿੱਠ ਤੇ,ਓਹ ਖੰਜ਼ਰ ਖਾ ਗਿਆ।

ਐਨਾ ਹੰਕਾਰ! ਕਿਉਂ ਕਰਦੈ ਗਵਾਰ,
ਇਹੋ ਧੋਖਾ, ਵੈਦ ਧਨੰਤਰ ਖਾ ਗਿਆ।

ਜਿਉਣਾ ਹੈ ਜੇ,ਤਾਂ ਮਰਨਾ ਯਾਦ ਰਖ,
ਕਿਉਂ ਮਰਨਾ ਅੰਦਰੋਂ ਅੰਦਰ ਖਾ ਗਿਆ।

ਸਿੱਧੂ ਕੋਈ ਸੋਹਾਂ! ਕੋਈ ਚਾਰਾ!! ਕੋਈ
ਧਰਮ ਅਸਥਾਨਾਂ ਦਾ,ਲੰਗਰ ਖਾ ਗਿਆ।

ਗ਼ਜ਼ਲ

ਮੇਰੇ ਘਰ ਉਹ ਜਦ ਵੀ ਆਵੇ।
ਸੁੰਨਾ ਵਿਹੜਾ ਹੱਸ ਹੱਸ ਜਾਵੇ॥

ਉਸ ਦੀ ਹਾਸੀ ਸੁਣ ਕੇ ਮੇਰਾ,
ਉਹ ਤਾਂ ਦਿਲ ਨੂੰ ਖੂਬ ਲੁਭਾਵੇ।

ਜੋ ਜੋ ਜਾਗਣ ਪਾਵਣ ਰੱਬ ਨੂੰ,
ਨੀਂਦਰ ਵਿਚ ਦਸ ਕੌਣ ਉਠਾਵੇ।

ਉਸ ਦੇ ਬਾਝੋਂ ਸੁਨਾਂ ਵਿਹੜਾ,
ਉਹ ਆਵੇ ਰੌਣਕ ਲੈ ਆਵੇ।

ਨੈਣ ਉਡੀਕਣ ਨਿੱਤ ਹੀ ਉਸ ਨੂੰ ,
ਉਹ ਤਾਂ ਸਬੱਬੀਂ ਫੇਰਾ ਪਾਵੇ।

ਤਕ ਕੇ ਪ੍ਰੀਤ ਅਸਾਡੀ ਲੌਕੀ,
ਸੜਦੇ ਬਲਦੇ ਲਾਂਬੂ ਲਾਵੇ।

ਸਿੱਧੂ ਬੋਲ ਕਬੋਲਾ ਦਾ ਹੁਣ,
ਸੁਣ ਸੁਣ ਦਿਲ ਮੇਰਾ ਘਬਰਾਵੇ।

ਡਾ. ਟਿੱਕਾ ਜੇ ਐਸ ਸਿੱਧੂ
ਨੈਸ਼ਨਲ ਐਵਾਰਡੀ

ਬੱਤੀ ਦੀ ਥਾਂ ਆਂਦਰ ਬਲਦੀ

ਗੁਰਭਜਨ ਗਿੱਲ

ਬੱਤੀ ਦੀ ਥਾਂ ਆਂਦਰ ਬਲਦੀ,
ਤੇਲ ਦੀ ਥਾਂ ਮੇਰੀ ਚਰਬੀ ਢਲਦੀ।
ਇਸ ਦੀਵੇ ਦੇ ਨਾਲ ਭਲਾ ਦੱਸ,
ਕਿਹੜਾ ਜੱਗ ਰੁਸ਼ਨਾਓਗੇ ?
ਜਬਰ ਜ਼ੁਲਮ ਦੀ ਮੂਰਤ ਬਣਕੇ,
ਤੁਸੀਂ ਹੀ ਚੇਤੇ ਆਉਗੇ।

ਬਲਦੀਆਂ ਸੜਕਾਂ ਸਿਖ਼ਰ ਦੁਪਹਿਰੇ।
ਮੀਟ ਗਏ ਅੱਖਾਂ ਅਦਲ ਕਟਹਿਰੇ।
ਹਾਕਮ ਬਣ ਗਏ ਗੁੰਗੇ ਬਹਿਰੇ।
ਜਦੋਂ ਕਿਤੇ ਵੀ ਟਾਇਰ ਬਲੇਗਾ,
ਆਪੇ ਤੋਂ ਘਬਰਾਓਗੇ।
ਮਨ ਦੀ ਏਸ ਕਚਹਿਰੀ ਕੋਲੋਂ,
ਬਚ ਕੇ ਕਿੱਧਰ ਜਾਓਗੇ ?

ਚੜ੍ਹਦੈ ਹੁਣ ਵੀ ਜਦੋਂ ਨਵੰਬਰ।
ਜਾਪੇ ਧਰਤੀ ਕਾਲਾ ਅੰਬਰ।
ਸੋਚ ਸੋਚ ਕੇ ਜਾਵਾਂ ਠਠੰਬਰ।
ਜਿੰਨ੍ਹਾਂ ਘਰਾਂ ਦੇ ਦੀਵੇ ਬੁਝ ਗਏ,
ਮੁੜ ਕੇ ਕਿਵੇਂ ਜਗਾਓਗੇ ?

ਸੱਜਣਾ ! ਤੂੰ ਚੰਗੀ ਨਾ ਕੀਤੀ।
ਭਗਤ ਕਹਾਵੇਂ ਮਨ ਬਦਨੀਤੀ।
ਨਾ ਜਗਦੀਸ਼ਰ ਉਲਟੀ ਗੀਤੀ।
ਚਿੱਟੇ ਵਸਤਰ ਹੇਠ ਭਲਾ ਦੱਸ,
ਕਾਲਖ ਕਿਵੇਂ ਛੁਪਾਓਗੇ ?
ਵਿਧਵਾਵਾਂ ਦੇ ਹਾਉਕੇ ਕੋਲੋਂ,
ਬਚ ਕੇ ਕਿੱਧਰ ਜਾਓਗੇ।

ਤੇਰੇ ਸ਼ਹਿਰ ਦੀਆਂ ਜੋ ਗਲੀਆਂ।
ਕਦੇ ਨਹੀਂ ਸੀ ਏਦਾਂ ਬਲੀਆਂ।
ਲਾਟਾਂ ਭਰਨ ਕਲਾਵੇ ਕਲੀਆਂ।
ਸਣੇ ਪੰਘੂੜੇ ਬਾਲਣ ਬਣ ਗਏ,
ਕਿੱਦਾਂ ਬਾਲ ਜਗਾਉਗੇ ?

ਮੰਨਿਆ ਮੈਂ ਇਹ ਕਥਨ ਕਹਾਣਾ।
ਡਿੱਗੇ ਜਦ ਵੀ ਰੁੱਖ ਪੁਰਾਣਾ।
ਧਰਤ ਡੋਲਦੀ ਵਰਤੇ ਭਾਣਾ।
ਪਰ ਅੱਗ ਪਰਖ਼ੇ ਚਿਹਰੇ, ਬੰਦੇ,
ਇਹ ਸੱਚ ਕਿੰਜ ਮੰਨਵਾਉਗੇ ?
ਚੀਕਾਂ ਤੇ ਕੁਰਲਾਹਟਾਂ ਵਿਚੋਂ
ਤੁਸੀਂ ਹੀ ਨਜ਼ਰੀਂ ਆਉਗੇ।

ਜਿੰਨ੍ਹਾਂ ਨੂੰ ਹਥਿਆਰ ਬਣਾਇਆ।
ਬੰਦੇ ਮਾਰਨ ਧੰਦੇ ਲਾਇਆ।
ਵੋਟਾਂ ਦਾ ਤੰਦੂਰ ਤਪਾਇਆ।
ਉਨ੍ਹਾਂ ਪਸ਼ੂਆਂ ਤਾਈਂ ਮੁੜ ਕੇ,
ਮਾਣਸ ਕਿਵੇਂ ਬਣਾਉਗੇ ?
ਬਲਦੀ ਤੀਲੀ ਵੇਖਦਿਆਂ ਹੀ,
ਤੁਸੀਂ ਹੀ ਚੇਤੇ ਆਉਗੇ।

ਰਾਜ ਭਾਗ ਦੇ ਰੰਗਲੇ ਪਾਵੇ।
ਚਮਕਣ ਰਾਜਾ ਜਿੱਦਾਂ ਚਾਹਵੇ।
ਸਾਡੀ ਰੱਤ ਦਾ ਲੇਪ ਚੜ੍ਹਾਵੇ।
ਦਰਦ ਮੰਦਾਂ ਦੀਆਂ ਚੀਕਾਂ ਸੁਣ ਕੇ,
ਨੀਂਦਰ ਕਿੱਦਾਂ ਪਾਉਗੇ ?


ਪੰਜਾਬ

ਰਾਜਵਿੰਦਰ ਰੌਂਤਾ,
9876486187

ਸਪਤ ਸਿੰਧੂ ਤੋਂ
ਪੰਜ ਦਰਿਆ ਬਣੇ
ਪੰਜਾਬ ਦੇ
ਸੰਤਾਲੀ ਚ ਕਰਤੇ
ਦੋ ਟੋਟੇ
ਵੰਡ ਦਿੱਤੇ
ਦਿਲ , ਜਿਗਰ
ਦੋਨੋ ਗੁਰਦੇ
ਪਰ ਫੇਰ ਵੀ
ਜਰ ਹੋਇਆ
ਚੋਬਰ ਹੋਇਆ ਪੰਜਾਬ
ਜਰਵਾਣਿਆਂ ਨੇ
ਫਿਰ ਵੰਡ ਦਿੱਤੇ

ਹਿਮਾਚਲ ਤੇ ਹਰਿਆਣਾ
ਹਜੇ ਵੀ ਜਰਦੇ ਨਹੀਂ
ਪੰਜਾਬ ਨੂੰ ਹੱਸਦਾ ਵੱਸਦਾ
ਟੀਕਿਆਂ ਨਾ
ਬੇਰੁਜਗਾਰੀ ਤੇ
ਬੱਚਿਆਂ ਦੇ ਭਵਿੱਖ ਲਈ
ਉੱਜੜਦਾ ਵੇਖ ਕੇ
ਮਾਰਦੇ ਨੇ ਤਾੜੀਆਂ
ਦਿੰਦੇ ਨੇ
ਖੰਡ ਚ ਲਿਬੇੜ ਕੇ
ਫਿਰਕਪੁਣੇ ਦੀਆਂ ਗੋਲੀਆਂ
ਹੋ ਰਹੀਆਂ ਨੇ ਕੋਸ਼ਿਸਾਂ
ਮੁਫ਼ਤ ਦੀਆਂ ਸਹੂਲਤਾਂ
ਵਿਹਲੜ ਨਿਕੰਮੇ
ਨਸ਼ੇੜੀ ਤੇ ਗੈਂਗਸਟਰ ਬਣਾਉਣ ਦੀਆਂ
ਪਰ ਪੰਜਾਬ ਵਸਦਾ ਹੈ

ਗੁਰਾਂ ਦੇ ਨਾਮ ਤੇ
ਇਹਨਾਂ ਦੇ ਲਹੂ ਵਿੱਚ ਹੈ
ਸਿੱਖ ਸ਼ਹਾਦਤ
ਇਨਕਲਾਬੀ ਲਹੂ ਤੇ
ਸਰਬੱਤ ਦੇ ਭਲੇ ਦਾ ਜਜ਼ਬਾ
ਕੋਈ ਤਾਂ ਉਠੇਗਾ
ਐਨਿਆਂ ਚੋਂ ਸੂਰਮਾ
ਸਬਰ ਹੈ ਸ਼ੁਕਰ ਹੈ
ਅਣਖ ਹੈ
ਮਿੱਟੀ ਦੀ ਖਸਲਤ ਹੈ
ਭੁਰਦੀ ਹੈ ਟੁੱਟਦੀ ਹੈ
ਜੁੜਦੀ ਹੈ
ਬਣ ਜਾਂਦੀ ਹੈ
ਚੱਟਾਨ
ਕੌਣ ਰੋਕ ਸਕਦਾ ਹੈ
ਪਹੁ ਫੁੱਟਣ ਦਿਨ ਚੜ੍ਹਨ ਤੋਂ।



ਕਾਲੇ ਰੰਗ ਦਾ ਯਾਰ : ਗੁਰਚੇਤ ਫੱਤੇਵਾਲੀਆ



ਗੁਰਚੇਤ ਫੱਤੇਵਾਲੀਆ

ਮਾਨਸਾ ਦੀ ਧਰਤੀ,ਲੋਕ ਪੱਖੀ ਘੋਲਾਂ ਦੀ ਸਰਜ਼ਮੀਂ, ਜਿੱਥੋਂ ਕਦੀ ਮੁਜ਼ਾਰਾ ਲਹਿਰ ਦਾ ਮੁੱਢ ਬੱਝਿਆ, ਕਾ ਹਾਕਮ ਸਿੰਘ ਸਮਾਂ- ਦੀ ਧਰਤੀ, ਕਾ ਜੰਗੀਰ ਸਿੰਘ ਜੋਗਾ ਦੀ ਧਰਤੀ, ਨਕਸਲਬਾੜੀ ਤੇ ਕਮਿਊਨਿਸਟ ਲਹਿਰ ਦੀ ਧਰਤੀ, ਜਿਸਦੇ ਰੇਤਲੇ ਟਿੱਬਿਆਂ ਨੇ ਬਹੁਤ ਕਵੀ, ਨਾਟਕਕਾਰ, ਗੀਤਕਾਰ ਤੇ ਗਾਇਕਾਂ ਨੂੰ ਜਨਮ ਦਿੱਤਾ ।

ਇਸ ਧਰਤੀ ਦੇ ਜੰਮੇਂ ਅੱਜ ਪੂਰੀ ਦੁਨੀਆਂ ਵਿੱਚ ਜਾਣੇ ਜਾਂਦੇ ਨੇ। ਪਿਛਲੇ ਪੰਜਾਂ ਛੇਆਂ ਸਾਲਾਂ ਵਿੱਚ ਦੁਨੀਆਂ ਤੇ ਮੂਸੇ ਵਾਲਾ ਮੂਸੇ ਵਾਲਾ ਹੋ ਗਈ ਜੋ ਇਸੇ ਧਰਤੀ ਦੀ ਪੈਦਾਇਸ਼ ਸੀ। ਆਰ ਨੇਤ, ਕੋਰ ਆਲਾ ਮਾਨ, ਲਾਭ ਹੀਰਾ,ਬਿੱਟੂ ਖੰਨੇ ਵਾਲਾ , ਦੀਪ ਢਿੱਲੋਂ, ਹਰਮਨਦੀਪ ਅਤੇ ਹੁਣ ਗਾਇਕੀ ਛੱਡ ਰਾਜਨੀਤਕ ਚਿਹਰਾ ਬਣ ਚੁੱਕੀ ਅਨਮੋਲ ਗਗਨ ਮਾਨ ਵੀ ਇਸੇ ਧਰਤੀ ਦੀ ਪੈਦਾਇਸ਼ ਹਨ।

ਮਾਨਸਾ ਸਰਸਾ ਰੋਡ ਤੇ ਮਾਨਸਾ ਤੋਂ ਤੀਹ ਕੁ ਕਿਲੋਮੀਟਰ ਦੀ ਦੂਰੀ ਤੇ ਪਿੰਡ ਫੱਤਾ ਮਾਲੋਕਾ ਦਾ ਗੁਰਚੇਤ ਪਤਾ ਨਹੀਂ ਕਦੋਂ ਡਾਕਟਰ ਤੋਂ ਪੱਤਰਕਾਰ ਬਣ ਗਿਆ। ਪੱਤਰਕਾਰੀ ਵੀ ਐਸੀ ਕਿ ਜਿਸ ਤੇ ਕੋਈ ਉਂਗਲ ਨਹੀਂ ਉਠਾ ਸਕਦਾ। ਅਜੀਤ ਦੇ ਉਪ ਦਫ਼ਤਰ ਮਾਨਸਾ ਦੇ ਦਫਤਰ ਇੰਚਾਰਜ ਵੱਜੋਂ ਲਗਾਤਾਰ 22 ਸਾਲ ਸੇਵਾ ਨਿਭਾਈ। ਪੱਤਰਕਾਰੀ ਕਰਦੇ ਕਰਦੇ ਨੂੰ ਗੀਤ ਝਰੀਟਣ ਦਾ ਸ਼ੌਕ ਪੈ ਗਿਆ । ਗੱਲ ਕੀ ਉਹ ਗੁਰਚੇਤ ਤੋਂ ਗੁਰਚੇਤ ਫੱਤੇਵਾਲੀਆ ਚੋਟੀ ਦਾ ਦਾ ਗੀਤਕਾਰ ਬਣ ਗਿਆ। ਗੁਰਚੇਤ ਦੇ ਲਿਖੇ ਗੀਤ —

ਮੇਰਾ ਰਾਂਝੇ ਨਾਲ ਕਰਦੇ ਨਿਕਾਹ ਅੰਮੀਏ
ਮੈਨੂੰ ਖੇੜਿਆਂ ਦੇ ਵੱਸ ਨਾ ਤੂੰ ਪਾ ਅੰਮੀਏ
(ਬਰਕਤ ਸਿੱਧੂ ਸਾਹਿਬ)

ਜਿਉਂ ਜਿਉਂ ਤੇਰੇ ਵਿਆਹ ਦੇ ਨੀ ਦਿਨ ਨੇੜੇ ਆ ਰਹੇ
ਤਿਉਂ ਤਿਉਂ ਅਸੀਂ ਮੌਤ ਦੇ ਕਰੀਬ ਜਾ ਰਹੇ
(ਬਲਦੇਵ ਕਾਕੜੀ)

ਤੂੰ ਆਜਾ ਦਿਲ ਜਾਨੀਆਂ
(ਰਾਣੀ ਰਣਦੀਪ)

ਪੈਸੇ ਦੇ ਰਾਂਝੇ ਅੱਜਕਲ੍ਹ, ਪੈਸੇ ਦੀਆਂ ਹੀਰਾਂ ਨੇ
ਪੈਸੇ ਦੇ ਨਾਲ ਮੱਥੇ ਦੀਆਂ ਘੜਦੇ ਤਕਦੀਰਾਂ ਨੇ
(ਪ੍ਰਗਟ ਖਾਨ)

ਸਾਡੀ ਟੁੱਟਦੀ ਟੁੱਟਦੀ ਆਖਰ ਟੁੱਟਗੀ - ਰੱਬਾ
(ਲਾਭ ਹੀਰਾ)

ਲੈ ਛੇਤੀ ਅਸੀਂ ਵੀ ਵੱਢਾਂਗੇ ਹੁਣ ਜੰਡੀ ਵੈਰਨੇ
(ਲਾਭ ਹੀਰਾ)

ਜਿਹੇ ਕਲਾਕਾਰਾਂ ਨੇ ਗਾਏ।

ਗੁਰਚੇਤ ਦਾ ਇੱਕ ਗੀਤ ਇੱਕ ਬਿਲਕੁਲ ਅਸਲੋਂ ਨਵੇਂ ਮੁੰਡੇ ਨੇ ਗਾਇਆ, ਜਿਸਦੇ ਬੋਲ ਹਨ

ਮੈਨੂੰ_ਕੁੜੀਆਂ_ਕਹਿੰਦੀਆਂ
ਤੇਰਾ_ਕਾਲੇ_ਰੰਗ_ਦਾ_ਯਾਰ

ਤਾਂ ਮੈਨੂੰ ਦੱਸਣ ਦੀ ਜ਼ਰੂਰਤ ਨਹੀਂ ਤੁਸੀਂ ਸਮਝ ਗਏ ਹੋਵੋਗੇ ਕਿ ਇਸ ਗੀਤ ਨਾਲ ਇਸੇ ਧਰਤੀ ਤੋਂ ਰਾਤੋ ਰਾਤ ਈ ਇੱਕ ਹੋਰ ਸੁਪਰ ਸਟਾਰ ਪੈਦਾ ਹੋ ਗਿਆ ਜਿਸਨੂੰ ਅੱਜ ਸਾਰਾ ਜਹਾਨ ਜਾਣਦਾ ਐ। ਮੇਰੀ ਮੁਰਾਦ ਐ ਕੁਲਵਿੰਦਰ ਬਿੱਲਾ। ਗੁਰਚੇਤ ਫੱਤੇਵਾਲੀਏ ਦਾ ਗੀਤ ਤੇਰਾ_ਕਾਲੇ_ਰੰਗ_ਦਾ_ਯਾਰ ਹਰ ਪੰਜਾਬੀ ਨੇ ਸੁਣਿਆ ਮਾਣਿਆ। ਅਜੀਤ ਤੋਂ ਸੇਵਾ ਮੁਕਤ ਹੋਕੇ ਗੁਰਚੇਤ ਫੱਤੇਵਾਲੀਆ ਅੱਜਕਲ੍ਹ ਮਾਨਸਾ ਵਿਖੇ ਆਪਣੇ ਪ੍ਰੀਵਾਰ ਨਾਲ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਿਹਾ ਹੈ ਅਤੇ ਨਵੀਂ ਸਿਰਜਣਾ ਕਰ ਰਿਹਾ ਹੈ। ਸਾਡਾ ਵੀਰ ਹਮੇਸ਼ਾ ਉਸਾਰੂ ਗੀਤ ਲਿਖਦਾ ਰਹੇ ਦੁਆ ਐ !

ਰੰਗਲੀ ਚਰਖੀ ਵਾਲਾ ਬਚਨ ਬੇਦਿਲ



ਬਚਨ ਬੇਦਿਲ

ਗੀਤਕਾਰ ਹਮੇਸ਼ਾ ਪਰਦੇ ਦੇ ਪਿੱਛੇ ਰਹੇ ਦੌਲਤ ਸ਼ੋਹਰਤ ਤੋਂ ਵੀ ਕੋਹਾਂ ਦੂਰ,ਪਰ ਪਿਛਲੇ ਸਮੇਂ ਵਿੱਚ ਕੁੱਝ ਕੁ ਗੀਤਕਾਰ ਐਸੇ ਵੀ ਹੋਏ ਜੋ ਪਰਦੇ ਦੇ ਸਾਹਮਣੇ ਵੀ ਆਏ ਦੌਲਤ ਸ਼ੋਹਰਤ ਵੀ ਉਹਨਾਂ ਦੀ ਝੋਲੀ ਪਈ। ਉਹਨਾਂ ਵਿੱਚ ਸ਼ਮਸ਼ੇਰ ਸੰਧੂ, ਬਚਨ ਬੇਦਿਲ ਤੇ ਭਿੰਦਰ ਡੱਬਵਾਲੀ ਦੇ ਨਾਮ ਪ੍ਰਮੁੱਖ ਹਨ। ਇਹਨਾਂ ਗੀਤਕਾਰਾਂ ਵਿੱਚੋਂ ਅੱਜ ਬਚਨ ਬੇਦਿਲ ਦੀ ਗੱਲ ਕਰਦੇ ਹਾਂ ।

ਜੇ ਤੁਸੀਂ ਰੇਲ ਦੇ ਸਾਧਾਰਨ ਦਰਜੇ ਦੇ ਡੱਬੇ ਵਿੱਚ ਕਦੇ ਸਫਰ ਕੀਤਾ ਹੋਵੇ ਤਾਂ ਸਾਰੰਗਾ ਦੇ ਸੁਰ,, ਤੇ ਡੀਟੀਆਂ ਦੀ ਤਾਲ ਤੇ ਗਾਉਂਦੇ ਰਾਜਿਸਥਾਨੀ ਜੋੜਿਆਂ ਨੂੰ ਗਾਉਂਦਿਆਂ ਜ਼ਰੂਰ ਸੁਣਿਆ ਹੋਵੇਗਾ। ਉਹ ਅਕਸਰ ਗਾਉਂਦੇ ਹਨ

ਮੇਰੀ ਰੰਗਲੀ ਚਰਖੀ ਅੱਜ ਤੰਦ ਤਰੇੜੇ,
ਕਦੇ ਮਾਰ ਰਾਂਝਣਾ ਤੂੰ ਰੰਗਪੁਰ ਗੇੜੇ

ਕਿਸੇ ਗੀਤ ਦੀ ਮਕਬੂਲੀਅਤ ਦੀ ਇਸ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਐ !ਸੰਗਰੂਰ ਦੀ ਵੱਖੀ ਵਿੱਚ ਵਸਦੇ ਇਤਿਹਾਸਕ ਪਿੰਡ ਵਿੱਚ ਜੇ ਕਲਾਕਾਰਾਂ ਦੀਆਂ ਵੱਡੀਆਂ ਵੱਡੀਆਂ ਕਾਰਾਂ ਆਉਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਉਹ ਬਚਨ ਬੇਦਿਲ ਕਰਕੇ ਹੋਇਆ।

ਬਚਨ ਦਾ ਜਨਮ ਪਹਿਲੀ ਫਰਵਰੀ 1967 ਨੂੰ ਆਪਣੇ ਨਾਨਕੇ ਪਿੰਡ ਰੋੜੇਵਾਲ ਵਿੱਖੇ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ ਹੋਇਆ। ਬਚਨ ਪਿਤਾ ਸ੍ ਗੁਰਦੇਵ ਸਿੰਘ ਦਾ ਲਾਡਲਾ ਪੁੱਤਰ ਐ। ਮੁੱਢਲੀ ਪੜ੍ਹਾਈ ਉਸਨੇ ਪਿੰਡ ਬਡਰੁੱਖਾਂ ਤੋਂ ਕੀਤੀ ਉਚੇਰੀ ਵਿਦਿਆ ਲਈ ਉਸਨੇ ਮਸਤੂਆਣਾ ਸਾਹਿਬ ਦਾਖਲਾ ਲਿਆ ।

ਪੜ੍ਹਾਈ ਕਰਨ ਉਪਰੰਤ ਉਸਨੂੰ ਪੰਜਾਬ ਪੁਲਿਸ ਵਿੱਚ ਨੌਕਰੀ ਮਿਲ ਗਈ। ਸਭ ਤੋਂ ਪਹਿਲੀ ਨਿਯੁਕਤੀ ਲੁਧਿਆਣਾ ਵਿਖੇ ਹੋਈ। ਗੀਤ ਤਾਂ ਬਚਨ ਦੇ ਮਨ ਵਿੱਚ ਬਚਪਨ ਵਿੱਚ ਹੀ ਮੌਲਣ ਲੱਗ ਪਏ ਸਨ। 1986 ਵਿੱਚ ਬਚਨ ਬੇਦਿਲ ਦਾ ਲਿਖਿਆ ਪਹਿਲਾ ਗੀਤ ਸੁਰਿੰਦਰ ਛਿੰਦਾ ਅਤੇ ਕੁਲਦੀਪ ਕੌਰ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਜਿਸਦੇ ਬੋਲ ਸਨ।

ਤੈਨੂੰ ਕਿੰਨਾ ਕੁ ਐ ਮੇਰੇ ਨਾਲ ਪਿਆਰ ਹਾਣੀਆਂ

ਇਹ ਗੀਤ ਕੋਈ ਬਹੁਤਾ ਨਿਗਾਹ ਵਿੱਚ ਨਹੀਂ ਆਇਆ। ਦੋ ਵਰ੍ਹਿਆਂ ਦੇ ਵਕਫੇ ਮਗਰੋਂ ਭਾਵ 1988 ਵਿੱਚ ਜਦੋਂ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਬਚਨ ਦਾ ਗੀਤ ਮੇਰੀ ਰੰਗਲੀ ਚਰਖੀ ਆਇਆ ਤਾਂ ਬਚਨ ਬੇਦਿਲ ਛਾਲ ਮਾਰਕੇ ਪੰਜਾਬੀ ਗੀਤਕਾਰਾਂ ਦੀ ਮੂਹਰਲੀ ਕਤਾਰ ਵਿੱਚ ਆ ਗਿਆ। ਉਸਤੋਂ ਬਾਅਦ ਬਚਨ ਨੇ ਪਿੱਠ ਭੁਆ ਕੇ ਨਹੀਂ ਦੇਖਿਆ ।

ਬਚਨ ਦੇ ਗੀਤਾਂ ਨਾਲ ਪੰਜਾਬੀ ਗਾਇਕੀ ਵਿੱਚ ਇੱਕ ਨਵਾਂ ਪੋਸ਼ ਆਇਆ ਜੋ ਲੋਕਾਂ ਦੇ ਦਿਲਾਂ ਤੇ ਛਾ ਗਿਆ ਜਿਹਨਾਂ ਵਿੱਚ ਰਣਜੀਤ ਮਣੀ,, ਦਵਿੰਦਰ ਕੋਹਿਨੂਰ,, ਲਵਲੀ ਨਿਰਮਾਣ ਸਮੇਤ ਕਾਫੀ ਨਾਮ ਹਨ ।

ਭਾਵੇਂ ਬਚਨ ਦੇ ਲਿਖੇ ਕੁੱਝ ਗੀਤ ਤੇ ਸਮੇਂ ਸਮੇਂ ਵਿਵਾਦ ਵੀ ਛਿੜੇ ਜਿਨ੍ਹਾਂ ਵਿੱਚ ਮੇਰੇ ਰਾਂਝੇ ਦਾ ਪ੍ਰਿੰਸੀਪਲ ਜੀ ਕੱਟਿ- ਨਾ ਕਾਲਜ ਚੋਂ ਨਾਂ,,,ਅੱਜ ਦੇ ਸਿਰਮੌਰ ਗਾਇਕ ਦਿਲਜੀਤ ਦੋਸਾਂਝ ਦੀ ਗਾਇਕੀ ਦਾ ਘੇਰਾ ਵਿਸ਼ਾਲ ਕਰਨ ਵਿੱਚ ਬਚਨ ਦੇ ਹੀ ਇਕ ਵਿਵਾਦਤ ਗੀਤ ਦਾ ਵੱਡਾ ਯੋਗਦਾਨ ਐ

"ਲੱਕ ਟਵੰਟੀ ਏਟ ਕੁੜੀ ਦਾ" ਬੇਸ਼ੱਕ ਇਹਨਾਂ ਗੀਤਾਂ ਨੇ ਬਚਨ ਬੇਦਿਲ ਨੂੰ ਵਿਵਾਦਾਂ ਦੇ ਘੇਰੇ ਵਿੱਚ ਲਿਆਂਦਾ,, ਪਰ ਉਸਦਾ ਘੇਰਾ ਵਿਸ਼ਾਲ ਹੋਇਆ

ਜੇ ਬਚਨ ਬੇਦਿਲ ਦੀ ਸਮੁੱਚੀ ਗੀਤਕਾਰੀ ਦਾ ਅਧਿਐਨ ਕੀਤਾ ਜਾਵੇ ਤਾਂ ਸਪੱਸ਼ਟ ਹੋ ਜਾਂਦੈ ਕਿ ਬਚਨ ਮੌਲਿਕ ਗੀਤਕਾਰ ਐ।

"ਪਿੰਡ ਆਵਾਜ਼ਾਂ ਮਾਰਦਾ"

ਉਸਦੀ ਉਹ ਲੰਮੀ ਕਵਿਤਾ ਐ ਜਿਸਦੀ ਜਿੰਨੀ ਤਾਰੀਫ ਕੀਤੀ ਜਾਵੇ ਥੋੜ੍ਹੀ ਐ। ਮੇਰਾ ਮੰਨਣਾ ਐ ਕਿ ਪਿੰਡ ਆਵਾਜ਼ਾਂ ਮਾਰਦਾ ਸਕੂਲਾਂ ਦੇ ਸਿਲੇਬਸ ਵਿੱਚ ਵੀ ਲੱਗਣੀ ਚਾਹੀਦੀ ਐ। "ਸੰਦਲੀ ਖੇੜਾ" ਉਸਦਾ ਸ਼ਾਹਕਾਰ ਨਾਵਲ ਹੈ। ਗੀਤਾਂ ਵਿੱਚ ਬਚਨ ਦੀ ਕਲਮ ਨਿਰੰਤਰ ਝਰਨੇ ਵਾਂਗੂੰ ਵਹਿ ਰਹੀ ਐ ਤੇ ਸ਼ਾਲਾ ਇੰਝ ਹੀ ਵਹਿੰਦੀ ਰਹੇ।

ਅੱਜ ਵੀ ਚਰਚਿਤ ਹਨ ਅਮਿਤਾਭ ਅਤੇ ਕਪਿਲ ਦੇ ਟੀ.ਵੀ. ਸ਼ੋਅ



ਮੈਂ ਅਕਸਰ ਇਹ ਟੈਲੀਵਿਜ਼ਨ ਸ਼ੋਅ ਵੇਖ ਲੈਂਦਾ ਹਾਂ। ਇਨ੍ਹਾਂ ਦੀ ਮਿਆਰੀ ਰੂਪ-ਰੇਖਾ ਕਾਰਨ, ਅਮਿਤਾਭ ਅਤੇ ਕਪਿਲ ਦੇ ਆਕਰਸ਼ਨ ਕਾਰਨ, ਇਨ੍ਹਾਂ ਦੀ ਅਨੂਠੀ ਪੇਸ਼ਕਾਰੀ ਕਾਰਨ, ਭਾਵਪੂਰਤ ਸ਼ਬਦ ਚੋਣ ਕਾਰਨ, ਗਿਆਨ ਅਤੇ ਮਨੋਰੰਜਨ ਦੇ ਸੁਮੇਲ ਕਾਰਨ।ਹੌਟ ਸੀਟ ਤੱਕ ਪਹੁੰਚਣ ਵਾਲੇ ਲੋਕਾਂ ਦੀਆਂ ਸੰਘਰਸ਼ ਦੀਆਂ ਕਹਾਣੀਆਂ, ਦਰਸ਼ਕਾਂ ਨੂੰ ਜਜ਼ਬਾਤੀ ਪੱਧਰ 'ਤੇ ਪ੍ਰੋਗਰਾਮ ਨਾਲ ਜੋੜ ਲੈਂਦੀਆਂ ਹਨ।

ਅਮਿਤਾਭ ਬੱਚਨ ਦਾ ਬੋਲਣ ਦਾ ਤਰੀਕਾ, ਪੇਸ਼ਕਾਰੀ ਦਾ ਸਲੀਕਾ ਅਤੇ ਸਮੁੱਚਾ ਵਿਵਹਾਰ ਦਰਸ਼ਕਾਂ ਨੂੰ ਬੰਨ੍ਹੀ ਰੱਖਦਾ ਹੈ।

ਲੰਮਾ ਸਫ਼ਰ ਤੈਅ ਕਰਕੇ ਹੌਟ ਸੀਟ ਤੱਕ ਪਹੁੰਚਣਾ ਅਤੇ ਅਮਿਤਾਭ ਬੱਚਨ ਸਾਹਮਣੇ ਬੈਠ ਕੇ ਗੁੰਝਲਦਾਰ ਸਵਾਲਾਂ ਦੇ ਜਵਾਬ ਦੇਣੇ, ਸੱਭ ਨੂੰ ਰੁਮਾਂਚ ਨਾਲ ਭਰ ਦਿੰਦਾ ਹੈ।

ਤਰ੍ਹਾਂ-ਤਰ੍ਹਾਂ ਦੀਆਂ ਲਾਈਫ਼ ਲਾਈਨਾਂ ਦਾ ਪ੍ਰਯੋਗ ਦਰਸ਼ਕਾਂ ਦੀ ਦਿਲਚਸਪੀ ਅਤੇ ਉਤਸੁਕਤਾ ਨੂੰ ਵਧਾ ਦਿੰਦਾ ਹੈ। ਜਿਵੇਂ-ਜਿਵੇਂ ਰਕਮ ਵੱਧਦੀ ਜਾਂਦੀ ਹੈ ਤਿਵੇਂ-ਤਿਵੇਂ ਘਰ ਬੈਠੇ ਪ੍ਰੋਗਰਾਮ ਵੇਖ ਰਹੇ ਲੱਖਾਂ ਦਰਸ਼ਕਾਂ ਦੀ ਖੁਸ਼ੀ ਵੀ ਵੱਧਦੀ ਜਾਂਦੀ ਹੈ। ਇਨਾਮੀ ਰਾਸ਼ੀ ਦਾ ਸਿਖ਼ਰ 7 ਕਰੋੜ @ਤੇ ਪਹੁੰਚ ਕੇ ਹੁੰਦਾ ਹੈ। ਦਰਸ਼ਕਾਂ ਦੀਆਂ ਨਜ਼ਰਾਂ ਇਸ ਗੱਲ @ਤੇ ਟਿਕੀਆਂ ਰਹਿੰਦੀਆਂ ਹਨ ਕਿ ਇਥੋਂ ਤੱਕ ਕੋਈ ਪਹੁੰਚੇਗਾ ਜਾਂ ਨਹੀਂ।

ਕਈ ਬੜੇ ਲੋੜਵੰਦ ਹੁੰਦੇ ਹਨ। ਦਰਸ਼ਕਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਅਜਿਹੇ ਹਿੱਸਾ ਲੈਣ ਵਾਲੇ ਵੱਧ ਤੋਂ ਵੱਧ ਰਕਮ ਲੈ ਕੇ ਜਾਣ।

ਸ਼ੋਅ ਦੌਰਾਨ ਬਹੁਤ ਸਾਰੀਆਂ ਪ੍ਰੇਰਣਾਦਾਇਕ-ਜੀਵਨ-ਕਹਾਣੀਆਂ ਸਾਹਮਣੇ ਆਉਂਦੀਆਂ ਹਨ। ਕਿਸੇ ਨੇ ਆਪਣੇ ਪਰਿਵਾਰ ਲਈ, ਆਪਣੇ ਪਿੰਡ ਲਈ, ਆਪਣੇ ਸ਼ਹਿਰ ਲਈ, ਆਪਣੇ ਸੂਬੇ ਲਈ, ਆਪਣੇ ਸਮਾਜ ਲਈ





ਆਪਣੇ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹੁੰਦੀਆਂ ਹਨ। ਅਜਿਹੇ ਸੰਘਰਸ਼, ਸਫ਼ਲਤਾ ਅਤੇ ਪ੍ਰਾਪਤੀਆਂ ਦੀਆਂ ਕਹਾਣੀਆਂ ਦਰਸ਼ਕਾਂ ਨੂੰ ਬੇਹੱਦ ਪ੍ਰੇਰਿਤ ਕਰਦੀਆਂ ਹਨ।

ਇਸ ਸ਼ੋਅ ਵਿਚ ਸਮੇਂ-ਸਮੇਂ ਵਿਸ਼ੇਸ਼ ਕੜੀਆਂ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਨ੍ਹਾਂ ਤਹਿਤ ਵੱਖ-ਵੱਖ ਖੇਤਰਾਂ ਵਿਚ ਵੱਡੀਆਂ ਗੱਲਾਂ ਮਾਰਨ ਵਾਲੀਆਂ ਹਸਤੀਆਂ ਨੂੰ ਦਰਸ਼ਕਾਂ ਰੂਬਰੂ ਕੀਤਾ ਜਾਂਦਾ ਹੈ। ਅਜਿਹੇ ਮੌਕਿਆਂ 'ਤੇ ਦਰਸ਼ਕਾਂ ਦੀ ਦਿਲਚਸਪੀ ਦੁਗਣੀ ਹੋ ਹੋ ਜਾਂਦੀ ਹੈ।

ਇਹ ਉਹੀ ਟੈਲੀਵਿਜ਼ਨ ਸ਼ੋਅ ਹੈ ਜਿਸਨੇ ਅਮਿਤਾਭ ਬੱਚਨ ਨੂੰ ਮੁੜ ਮਾਇਕ ਮਜ਼ਬੂਤੀ ਪ੍ਰਦਾਨ ਕਰਨ ਦੇ ਨਾਲ-ਨਾਲ ਸ਼ੁਹਰਤ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ।

ਕੌਣ ਬਨੇਗਾ ਕਰੋੜਪਤੀ ਦਾ ਚੱਲ ਰਿਹਾ ਸੀਜ਼ਨ ਜਨਵਰੀ 2027 ਵਿਚ ਖਤਮ ਹੋਵੇਗਾ। ਇਹ 10 ਅਗਸਤ 2026 ਨੂੰ ਸ਼ੁਰੂ ਹੋਇਆ ਸੀ।

ਇਹ ਵੀ ਕਿਆਸ ਘਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਅਮਿਤਾਭ ਬੱਚਨ ਦੀ ਸਿਹਤ ਦੇ ਮੱਦੇ-ਨਜ਼ਰ ਸ਼ਾਇਦ ਅਗਲਾ ਸੀਜ਼ਨ ਦਰਸ਼ਕਾਂ ਨੂੰ ਵੇਖਣ ਲਈ ਨਹੀਂ ਮਿਲੇਗਾ।

ਪਰ ਇਹ ਵੀ ਸੱਚ ਹੈ ਕਿ ਅਮਿਤਾਭ ਬੱਚਨ ਵਰਗੀ ਲਗਨ, ਦ੍ਰਿੜਤਾ ਅਤੇ ਪ੍ਰਤੀਬੱਧਤਾ ਦੇ ਚੱਲਦੇ ਅਸੰਭਵ ਨੂੰ ਸੰਭਵ ਹੁੰਦਿਆਂ ਦੇਰ ਨਹੀਂ ਲੱਗਦੀ।

ਕਪਿਲ ਸ਼ਰਮਾ ਦਾ ਕਾਮੇਡੀ ਸ਼ੋਅ 'ਦਾ ਗ੍ਰੇਟ ਇੰਡੀਅਨ ਕਪਿਲ ਸ਼ੋਅ' ਜਦੋਂ ਦਾ ਨੈੱਟਫਲਿਕਸ 'ਤੇ ਗਿਆ ਹੈ, ਇਸ ਲਈ ਕਈ ਤਬਦੀਆਂ ਆਈਆਂ ਹਨ। ਸੈੱਟ ਵਿਚ ਤਬਦੀਲੀ, ਪਹਿਰਾਵੇ ਵਿਚ ਤਬਦੀਲੀ, ਪੇਸ਼ਕਾਰੀ ਵਿਚ ਤਬਦੀਲੀ ਆਈ ਹੈ ਪਰੰਤੂ ਇਸਦਾ ਮਕਸਦ ਅਤੇ ਕੇਂਦਰ ਬਿੰਦੂ ਉਹੀ ਰਿਹਾ ਹੈ।

ਜਦ ਕਪਿਲ ਸ਼ਰਮਾ ਮੁੰਬਈ ਆਇਆ ਸੀ ਤਾਂ ਉਸਦੀ ਜੇਬ ਵਿਚ 1200 ਰੁਪਏ ਸਨ। ਅੱਜ ਉਹ ਇਕ ਸ਼ੋਅ ਦਾ ਮਿਹਨਤਾਨਾ 5 ਕਰੋੜ ਦੇ ਕਰੀਬ ਲੈ ਰਿਹਾ ਹੈ।

ਇਹ ਸ਼ੋਅ ਆਰੰਭ ਤੋਂ ਅੱਜ ਤੱਕ ਬੇਹੱਦ ਚਰਚਿਤ ਰਿਹਾ ਹੈ। ਦਰਸ਼ਕ ਚਾਹ ਕੇ ਇਸਨੂੰ ਵੇਖਦੇ ਹਨ। ਅਜੋਕੇ ਮਨੁੱਖ ਨੇ ਬੇਸ਼ੁਮਾਰ ਪ੍ਰਾਪਤੀਆਂ ਕੀਤੀਆਂ ਹਨ ਪਰ ਉਹ ਹੱਸਣਾ ਭੁੱਲ ਗਿਆ ਹੈ। ਕਪਿਲ ਸ਼ਰਮਾ ਸ਼ੋਅ ਇਹੀ ਕੰਮ ਕਰਦਾ ਹੈ। ਉਸਨੂੰ ਹਸਾਉਂਦਾ ਹੈ। ਹੱਸਣਾ ਸਿਖਾਉਂਦਾ ਹੈ। ਕਈ ਮਰੀਜ਼ ਉਸਦਾ ਸ਼ੋਅ ਵੇਖ ਵੇਖ ਕੇ, ਹੱਸ ਹੱਸ ਕੇ ਠੀਕ ਹੋ ਗਏ ਹਨ।

ਇਹ ਸ਼ੋਅ ਆਰੰਭ ਵਿਚ ਜੂਨ 2013 ਵਿਚ 'ਕਾਮੇਡੀ ਨਾਈਟਸ ਵਿਦ ਕਪਿਲ' ਦੇ ਰੂਪ ਵਿਚ ਸ਼ੁਰੂ ਹੋਇਆ। ਫਿਰ 2016 ਵਿਚ ਇਹ 'ਦਾ ਕਪਿਲ ਸ਼ਰਮਾ ਸ਼ੋਅ' ਬਣ ਗਿਆ। ਸਾਲ 2024 ਵਿਚ ਇਹ ਨੈੱਟਫਲਿਕਸ 'ਤੇ ਚਲਾ ਗਿਆ।ਇਸ ਸ਼ੋਅ ਨਾਲ ਭਾਰਤ ਵਿਚ ਕਾਮੇਡੀ ਦਾ ਇਕ ਨਵਾਂ ਦੌਰ ਆਰੰਭ ਹੋਇਆ। ਇਸ ਵਿਚ ਕੁਝ ਅਜਿਹੇ ਕਿਰਦਾਰ ਪੇਸ਼ ਕੀਤੇ ਜਾਂਦੇ ਰਹੇ ਜਿਨ੍ਹਾਂ ਨਾਲ ਸ਼ੋਅ ਦੀ ਲੋਕਪ੍ਰਿਯਤਾ ਲਗਾਤਾਰ ਵਾਧਾ ਹੁੰਦਾ ਰਿਹਾ ਅਤੇ ਦਰਸ਼ਕ ਜਜ਼ਬਾਤੀ ਤੌਰ 'ਤੇ ਉਨ੍ਹਾਂ ਕਿਰਦਾਰਾਂ ਨਾਲ ਜੁੜਦੇ ਗਏ। ਭਾਵੇਂ ਇਹ ਸ਼ੋਅ ਸਮੇਂ ਸਮੇਂ ਕਈ ਵਿਵਾਦਾਂ ਵਿਚ ਘਿਰਦਾ ਰਿਹਾ ਪਰੰਤੂ ਇਸਦੀ ਲੋਕਪ੍ਰਿਯਤਾ ਆਰੰਭ ਤੋਂ ਅੱਜ ਤੱਕ ਜਿਉਂ ਦੀ ਤਿਉਂ ਬਣੀ ਹੋਈ ਹੈ।

facebook

ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

ਵਹਿਮ 'ਚ ਨਾ ਰਿਹੋ ਸਾਡੇ ਵੇਲੇ ਵੀ ਬਹੁਤ ਕੁੱਝ ਵਾਇਰਲ ਹੁੰਦਾ ਸੀ

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸ਼ਾਇਦ ਇਹ ਭਰਮ ਹੋਵੇ ਕਿ ਆਹ ਵੀਡੀਓ, ਗੀਤ, ਗੀਲਾਂ ਅਤੇ ਹੋਰ ਨਿੱਕ ਸੁੱਕ ਵਾਇਰਲ ਸਾਡੇ ਵੇਲਿਆਂ 'ਚ ਹੀ ਸ਼ੁਰੂ ਹੋਇਐ। ਓਏ ਨਹੀਂ ਭਾਈ ਅੱਜ ਤੋਂ ਪੈਂਤੀ ਚਾਲੀ ਸਾਲ ਪਹਿਲਾਂ ਵੀ ਇਹ ਚੀਜਾਂ



ਇਵੇਂ ਹੀ ਵਾਇਰਲ ਹੁੰਦੀਆਂ ਸਨ ਪਰ ਉਦੋਂ ਵਾਇਰਲ ਦੀ ਥਾਂ ਫਲਾਣਾ ਗੀਤ ਬਾਹਲਾ ਮਸ਼ਹੂਰ ਐ, ਆਹ ਰੰਗ ਦੀਆਂ ਪੱਗਾਂ ਦਾ ਰਿਵਾਜ ਐ, ਹੁਣ ਭਾਈ ਨਵਾਂ ਜਮਾਨੈ ਕਿ ਸਾਰੀਆਂ ਮੇਲਣਾ ਇੱਕੋ ਰੰਗ ਦੇ ਸੂਟ ਪਾਉਂਦੀਆਂ ਨੇ।

ਮੇਰੇ ਯਾਦ ਹੈ ਉਦੋਂ ਅਮਰ ਸਿੰਘ ਚਮਕੀਲੇ ਦੇ ਅਖਾੜਿਆਂ ਦੀ ਚੌਧਰ ਸੀ। ਉਸਦਾ ਗੀਤ ਸਹੁਰੇ ਦੀ ਲਾਲ ਮਰੂਤੀ ਨੇ , ਹਾਏ ਚੱਕਾ ਜਾਮ ਕਰਾਤਾ ਬਹੁਤ ਮਸ਼ਹੂਰ ਸੀ। ਅਖਾੜੇ ਸੁਣਨ ਦੇ ਸ਼ੌਕੀਨ ਬੈਂਗਣੀ ਰੰਗ ਦੀਆਂ ਪੱਗਾਂ ਬੰਨ੍ਹ ਬੰਨ੍ਹ ਆਇਆ ਕਰਦੇ ਸਨ। ਸਟੇਜ ਤੋਂ ਵੇਖਿਆਂ ਇੰਝ ਲੱਗਦਾ ਸੀ ਜਿਵੇਂ ਸਾਰੇ ਪਾਸੇ ਬੈਂਗਣ ਖਿੱਲਰੇ ਪਏ ਹੋਣ। ਮੇਲਿਆਂ ਵਿੱਚ ਵੀ ਬੈਂਗਣੀ ਪੱਗਾਂ ਵਾਲਿਆਂ ਦੇ ਝੁੰਡ ਦਿਸਿਆ ਕਰਦੇ ਸਨ।ਅਮਿਤਾਬ ਬਚਨ ਦੀ ਖੁੱਲ੍ਹੇ ਪੌਂਚਿਆਂ (ਬੈਲ ਬੋਟਮ) ਐਸੀ ਮਸ਼ਹੂਰ ਹੋਈ ਕਿ ਲੋਕਾਂ ਦੀਆਂ ਪੈਂਟਾਂ ਦੇ ਪੌਂਚੇ ਸਾਇਕਲ ਦੀਆਂ ਚੇਨਾਂ 'ਚ ਫਸ ਜਾਇਆ ਕਰਨ । ਫਿਰ ਭਾਈ ਜਮਾਨਾ ਆ ਗਿਆ ਬੈਗੀ ਕੋਟੀਆਂ ਸਵੈਟਰਾਂ ਦਾ। ਖੁੱਲ੍ਹੀਆਂ ਬਾਹਾਂ ਐਂ ਲੱਗਿਆ ਕਰਨ ਜਿਵੇਂ ਕੋਈ ਮੋਢਿਆਂ 'ਤੇ ਪੱਲੜ ਟੰਗਿਆ ਹੋਵੇ। ਇਵੇਂ ਹੀ ਇੱਕ ਵਾਰ ਡਿਸਕੋ ਦੀ ਜੁੱਤੀ ਵਾਇਰਲ ਹੋ ਗਈ। ਫਿਰ ਕੀ ਸੀ ਲੋਕਾਂ ਕੁਰਮ ਦੀ ਜੁੱਤੀਆਂ ਪੜਛੱਤੀਆਂ 'ਤੇ ਵਗਾਹ ਮਾਰੀਆਂ ਅਤੇ ਚਮਕ ਦਮਕ ਵਾਲੀਆਂ ਡਿਸਕੋ ਜੁੱਤੀਆਂ ਪਹਿਨ ਲਈਆਂ। ਇੱਕ ਵਾਰ ਬਿਜੂ ਵਾਇਰਲ ਹੋ ਗਿਆ। ਬੰਦਾ ਜਿੱਥੇ ਮਰਜੀ ਜਾਂਦਾ ਹਰ ਥਾਂ ਬਿੱਜੂ ਦੀਆਂ ਹੀ ਗੱਲਾਂ ਅਖੇ ਫਲਾਣੇ ਪਿੰਡ ਬਿੱਜੂ ਤਿੰਨ ਕੁੱਤਿਆਂ ਦੇ ਗਲ਼ ਵੱਢ ਗਿਆ ਤੇ ਫਲਾਣੇ ਪਿੰਡ ਚਾਰ ਬੱਕਰੀਆਂ ਦੇ। ਗੱਲਾਂ ਧੂਈਆਂ 'ਤੇ ਬੈਠੇ ਮਰਦ ਕਰਦੇ ਤੇ ਮੇਰੇ ਵਰਗੇ ਜਵਾਕਾਂ ਨੂੰ ਗੂਹੜੇ ਸਿਆਲ 'ਚ ਵੀ ਪਸੀਨੇ ਆਉਂਦੇ ਰਹਿੰਦੇ। ਕੇਰਾਂ ਭਾਈ ਕਿਸੇ ਦੈਵੀ ਸ਼ਕਤੀ ਦਾ ਘਰਾਂ ਵਿੱਚ ਵੜਨ ਦਾ ਰੌਲਾ ਪੈ ਗਿਆ। ਫਿਰ ਕੀ ਸੀ ਬੁੜ੍ਹੀਆਂ (ਔਰਤਾਂ)ਨੇ ਆਪਣੇ ਬੂਹਿਆਂ ਦੀਆਂ ਸਰਦਲਾਂ ਨਾਲ ਰੱਸੀਆਂ ਨਾਲ ਨਿੰਮ ਦੀਆਂ ਟਾਹਣੀਆਂ, ਚੂੜੀਆਂ ਛੁਣਛੁਣੇ, ਲਾਲ ਬੋਤਲਾਂ ਤੇ ਹੋਰ ਪਤਾ ਨੀਂ ਕਿਹੜਾ ਕਿਹੜਾ ਨਿੱਕ ਸੁੱਕ ਬੰਨ੍ਹ ਕੇ ਟੰਗ ਦਿੱਤਾ। ਪਹਿਲੀ ਵਾਰ ਵੇਖਣ 'ਤੇ ਐਂ ਲੱਗਿਆ ਕਰੇ ਜਿਵੇਂ ਹਰ ਘਰੇ ਕਾਕਾ ਜੰਮਿਆ ਹੋਵੇ।

ਓਏ ਮੁੰਡਿਓ ਥੋਡਾ ਹੁਣ ਵਾਲਾ ਵਾਇਰਲ ਤਾਂ ਦੋ ਦਿਨਾਂ 'ਚ ਮੂਧੇ ਮੂੰਹ ਜਾ ਪੈਂਦੈ , ਸਾਡੇ ਵਾਲਾ ਵਾਇਰਲ ਤਾਂ ਸਾਲ ਸਾਲ ਚੱਲਦਾ ਸੀ , ਲੱਗੀ ਗੱਲ ਸਮਝ।

ਹਰਦੀਪ ਸਿੰਘ ਜਟਾਣਾ
9417254517



ਜੇ ਮੁੰਡੇ ਦਸਦੇ ਨਹੀਂ ਤਾਂ ਕੁੜੀਆਂ ਜੋ ਮਰਜ਼ੀ ਕਹੀ ਜਾਣ ?

ਪੁੱਤੀਂ ਫਲ਼ੇ ਅਸੀਸਾਂ ਦੇਵੋ ਜੀ ਸਦਕੇ
ਧੀਆਂ ਦੇ ਵੀ ਬੜੇ ਸਹਾਰੇ ਹੁੰਦੇ ਨੇ।
ਹਰ ਵਾਰੀ ਔਰਤ ਹੀ ਅਬਲਾ ਨਹੀਂ ਹੁੰਦੀ
ਕਈ ਥਾਂਈਂ ਬੰਦੇ ਵਿਚਾਰੇ ਹੁੰਦੇ ਨੇ। - ਕਵਿੰਦਰ ਚਾਂਦ

ਜਵਾਨ ਪੀੜ੍ਹੀ ਨੂੰ ਜਦੋਂ ਗੁਰੂ ਘਰ ਹਾਜ਼ਰੀ ਭਰਦੇ ਵੇਖਦੇ ਹਾਂ ਤਾਂ ਮਨ ਵਿੱਚ ਠੰਢੀ ਹਵਾ ਰੁਮਕਣ ਜਿਹਾ ਅਹਿਸਾਸ ਪਲ਼ਦਾ ਹੈ ਕਿ ਇਹ ਬੱਚੇ ਇੰਨੇ ਰੁੱਝੇ ਹੋਣ ਦੇ ਬਾਵਜੂਦ ਵੀ ਵਕਤ ਕਢਦੇ ਹਨ। ਬਹੁਤੇ ਲੋਕ ਆਖਦੇ ਹਨ ਇਹ ਲੰਗਰ ਕਰਕੇ ਹੀ ਆਉਂਦੇ ਹਨ। ਪਰ ਇਨ੍ਹਾਂ ਦਾ ਆਪਣੇ ਇਸ਼ਟ ਮੁਹਰੇ ਨਤਮਸਤਕ ਹੋਣਾ ਜਾਂ ਸ਼ਰਧਾ ਨਾਲ਼ ਸੰਗਤ ਦਾ ਹਿੱਸਾ ਹੋ ਜਾਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਨ੍ਹਾਂ ਦੇ ਸੀਨੇ ਵਿੱਚ ਆਪਣੀ ਵਿਰਾਸਤ ਜਾਂ ਧਰਮ ਲਈ ਕੋਈ ਚਿਣਗ ਸੁਲਘਦੀ ਹੋਵੇਗੀ। ਕਈ ਬੱਚੇ ਮੇਰੇ ਬੋਲਾਂ ਨਾਲ਼ ਸਾਂਝ ਪਾਲ਼ਦੇ ਪੂਰੇ ਨਿੱਘ ਨਾਲ਼ ਮਿਲਦੇ ਹਨ ਜਿਵੇਂ ਉਨ੍ਹਾਂ ਨੂੰ ਮੇਰੇ ਵਿੱਚੋਂ ਆਪਣੀ ਗੁਆਚੀ ਮਾਂ ਦਾ ਝਾਉਲ਼ਾ ਪੈਂਦਾ ਹੋਵੇ। ਕਈ ਦਿਨ ਪਹਿਲਾਂ ਮੈਨੂੰ ਇੱਕ ਸੋਹਣਾ ਪੰਜਾਬੀ ਜਵਾਨ ਬੇਟਾ ਪੂਰੀ ਸ਼ਰਧਾ ਨਾਲ਼ ਆ ਮਿਲਿਆ। ਪੈਰੀਂ ਹੱਥ ਲਾ, ਦੋਵੇਂ ਹੱਥ ਜੋੜ, ਮੇਰੇ ਮੂਹਰੇ ਖੜੋ ਗਿਆ। ਉਸ ਨੇ ਪੂਰੀ ਨਿਮਰਤਾ ਨਾਲ਼ ਕਿਹਾ ,"ਮੈਨੂੰ ਇੱਕ ਗਿਲਾ ਹੈ ਤੁਹਾਡੇ ਨਾਲ਼।" ਕੋਈ ਵੀ ਸ਼ਿਕਾਇਤ ਕਰਤਾ ਜਦੋਂ ਏਨੀ ਹਲੀਮੀ ਨਾਲ਼ ਕੋਈ ਸ਼ਿਕਵਾ ਕਰ ਰਿਹਾ ਹੋਵੇ ਤਾਂ ਆਪ ਹੀ ਬਿਨਾ ਕਿਸੇ ਤਰਕ ਤੋਂ ਗਲਤੀ ਮੰਨਣ ਨੂੰ ਤਿਆਰ ਹੋ ਜਾਈਦਾ ਹੈ। ਮੇਰੇ 'ਕੀ' ਪੁੱਛਣ 'ਤੇ ਉਹ ਜਿਵੇਂ ਪੂਰਾ ਹੀ ਉਧੜਨ ਲੱਗ ਪਿਆ। ਉਸ ਨੂੰ ਸ਼ਿਕਾਇਤ ਸੀ ਕਿ ਮੈਂ ਕੁੜੀਆਂ ਬਾਰੇ ਹੀ ਕਿਉਂ ਗੱਲਾਂ ਕਰਦੀ ਹਾਂ।ਮੈਂ ਜਿਵੇਂ ਸਫ਼ਾਈ ਪੇਸ਼ ਕੀਤੀ ਕਿ ਹੁਣ ਤਕ ਉਹ ਵਧੀਕੀਆਂ ਜਰਦੀਆਂ ਰਹੀਆਂ, ਦੂਜਾ ਉਹ ਮੈਨੂੰ ਜਿਵੇਂ ਦਸਦੀਆਂ ਹਨ, ਮੈਂ ਪਰੋਸ ਦਿੰਦੀ ਹਾਂ। ਉਹ ਲੜਕਾ ਜਿਵੇਂ ਸਤਿਆ ਪਿਆ ਸੀ, ਕਿਹਾ, 'ਜੇ ਮੁੰਡੇ ਦਸਦੇ ਨਹੀਂ ਤਾਂ ਕੁੜੀਆਂ ਜੋ ਮਰਜ਼ੀ ਕਹੀ ਜਾਣ। ਕਈ ਕੁੜੀਆਂ ਨੇ ਮੁੰਡਿਆਂ ਦਾ ਲਹੂ ਪੀ ਰੱਖਿਐ। ਇਨ੍ਹਾਂ ਦੇ ਮਾਪੇ ਵੀ ਇਨ੍ਹਾਂ ਨੂੰ ਵਰਜਣ ਦੀ ਥਾਂ ਪਾਪਾ ਦੀਆਂ ਪਰੀਆਂ ਕਹਿ ਪਲੋਸ ਰਹੇ ਹਨ। ਇੱਥੋਂ ਦੀਆਂ ਸਰਕਾਰਾਂ ਵੀ ਧਿਰ ਬਣ ਖੜ੍ਹਦੀਆਂ ਨੇ। ਕਈ ਕੁੜੀਆਂ ਵਿਆਹ ਦੀਆਂ ਧੱਜੀਆਂ ਉਡਾ ਕੇ ਮੁੰਡਿਆਂ ਦੀ ਮਿਹਨਤ ਨਾਲ਼ ਕੀਤੀ ਕਮਾਈ ਦਾ ਅੱਧ ਵੰਡਾ ਲੈਂਦੀਆਂ ਹਨ।'

ਇਹ ਆਖਦਾ ਹੋਇਆ ਉਹ ਦੋਸਤਾਂ ਦੀਆਂ ਮਿਸਾਲਾਂ ਦੀ ਪੂਰੀ ਸੂਚੀ ਲਈ ਬੈਠਾ ਸੀ। ਉਹ ਭਰੀਆਂ ਅੱਖਾਂ ਨਾਲ਼ ਕਹਿ ਰਿਹਾ ਸੀ, 'ਇਹ ਪੇਕਿਆਂ ਨੂੰ ਰਖਦੀਆਂ ਤੇ ਸਹੁਰਿਆਂ ਨੂੰ ਧਕਦੀਆਂ ਨੇ। ਸਾਡਾ ਵੀ ਜੀਅ ਕਰਦੈ ਮਾਵਾਂ ਭੈਣਾਂ ਕੋਲ਼ ਬੈਠ ਦੁਖ-ਸੁਖ ਕਰੀਏ। ਪੂਰੇ ਸ਼ਿਕੰਜੇ ਵਿੱਚ ਫਸੇ ਹੋਏ ਆਂ।' ਮੈਂ ਕਿਹਾ ਕਿ ਮੇਰੇ ਨਾਲ਼ ਸੋਸ਼ਲ ਮੀਡੀਏ 'ਤੇ ਗੱਲ ਕਰ ਤਾਂ ਉਹ ਕਹਿੰਦਾ ਕਿ ਮੈਂ ਹਾਲੇ ਘਰੋਂ ਨਹੀਂ ਨਿਕਲਣਾ। ਉਸ ਦੀਆਂ ਗੱਲਾਂ ਸੁਣ ਕੇ ਜੀਅ ਕੀਤਾ ਕਿ ਮੈਂ ਉਨ੍ਹਾਂ ਕੁੜੀਆਂ ਦੀ ਪੂਰੀ ਕਲਾਸ ਲਾਵਾਂ ਜੋ ਹੱਕ ਲੈ ਕੇ ਹੱਦ ਟਪਦੀਆਂ ਹਨ। ਪਿਛਲੇ ਕੁੱਝ ਅਰਸੇ ਤੋਂ ਕੁੱਝ ਕੁੜੀਆਂ ਬਰਾਬਰੀ ਕਰਦੀਆਂ ਕੁੱਝ ਲੜਕਿਆਂ ਵਾਂਗ ਹੀ ਕੁਕਰਮਾਂ ਦੀਆਂ ਭਾਗੀ ਵੀ ਬਣ ਰਹੀਆਂ ਹਨ। ਹੋ ਸਕਦਾ ਹੈ ਅਜਿਹੀਆਂ ਕੁੜੀਆਂ ਦੀ ਗਿਣਤੀ ਬਹੁਤ ਘੱਟ ਹੋਵੇ ਪਰ ਮੇਰੀ ਬੇਨਤੀ ਹੈ ਕਿ ਇਨ੍ਹਾਂ ਧੀਆਂ ਨੂੰ ਇਨ੍ਹਾਂ ਅਪਹੁਦਰੀਆਂ ਬੇਟੀਆਂ ਨੂੰ ਕਿ ਜੇ ਆਪਣੀਆਂ ਮਾਵਾਂ ਦੀ ਸਹਿਣਸ਼ੀਲਤਾ ਵੱਲ ਨਹੀਂ ਵੇਖਣਾ ਤਾਂ ਸਿਆਣੀਆਂ ਕੁੜੀਆਂ ਦੇ ਨਿਭਦੇ ਸਲੀਕੇ ਤੋਂ ਜ਼ਰੂਰ ਸਿੱਖੋ। ਜੇ ਕਮਾ ਰਹੀਆਂ ਹੋ, ਰੀਝਾਂ ਦੇ ਸਿਰ ਪਲੋਸਣੇ ਵੀ ਜ਼ਰੂਰੀ ਹਨ ਪਰ ਹੱਕਾਂ ਨਾਲ਼ ਫ਼ਰਜ਼ ਵੀ ਨਿਭਾਉਣੇ ਚਾਹੀਦੇ ਹਨ। ਹਰ ਰਿਸ਼ਤਾ ਸਾਹ ਲੈਣਾ ਚਾਹ ਰਿਹਾ ਹੈ। ਪਿਆਰ ਨਾਲ਼ ਤਾਂ ਜਾਨਵਰ ਵੱਸ ਹੋ ਜਾਂਦੇ ਹਨ।ਦੁਨੀਆਂ ਦੀ ਸਭ ਤੋਂ ਵਧੀਆ ਸਾਂਝ ਮਾਂ ਦੇ ਹਿੱਸੇ ਆਈ ਹੈ। ਇਹ ਮੋਹ-ਮਮਤਾ ਮਰਦ ਸੀਨੇ ਵੀ ਬੀਜਣ ਦੀ ਬਰਾਬਰੀ ਕਰ ਵੇਖੋ। ਪਿਆਰ ਨਾਲ਼ ਇੱਕ ਦੂਜੇ ਦੇ ਅੰਦਰ ਆਰ ਪਾਰ ਝਾਕ ਲੈਣ ਜਿਹੀ ਸਾਂਝ ਨਿਭਾ ਕੇ ਵੱਸ ਕਰਿਆ ਜਾ ਸਕਦਾ ਹੈ। ਆਪਣੀ ਹਿਸਟਰੀ ਨਿਭਣ ਨੂੰ ਵੱਧ ਮੰਨਦੀ ਹੈ। ਰੱਬ ਬਰਕਤਾਂ ਪਾਏਗਾ। ਜੀਓ ਤੇ ਜਿਓਣ ਦਿਓ ਤਾਂ ਸੰਸਾਰ ਤੁਹਾਡਾ ਹੋਵੇਗਾ।



ਚੈਸਟਰਮੀਅਰ ਦੇ ਬਾਬਿਆਂ ਨੇ ਦੁਸਹਿਰਾ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੈਸਟਰਮੀਅਰ ਪੰਜਾਬੀ ਬਜ਼ੁਰਗ ਸੁਸਾਇਟੀ ਵੱਲੋਂ 20 ਅਕਤੂਬਰ 2026 ਨੂੰ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ । ਅਨਿਲ ਗੁਪਤਾ ਨੇ ਦੁਸਹਿਰੇ ਦੇ ਇਤਿਹਾਸ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਵਿੱਚ ਇਸ ਦਿਨ ਨੂੰ ਨੇਕੀ ਦੀ ਬਦੀ ਉਤੇ ਜਿੱਤ ਦੇ ਪ੍ਰਤੀਕ ਵੱਜੋਂ ਮਨਾਇਆ ਜਾਂਦਾ ਹੈ। ਜਗਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਰਾਵਣ ਨੂੰ ਉਸਦਾ ਹੰਕਾਰ ਮਾਰ ਗਿਆ।ਇਸ ਮੌਕੇ ਸੁਸਾਇਟੀ ਮੈਂਬਰ ਰਘਬੀਰ ਸਿੰਘ ਭੁੱਲਰ ਨੇ ਆਪਣੇ 70ਵੇਂ ਜਨਮਦਿਨ ਦੀ ਖ਼ੁਸ਼ੀ ਵਿੱਚ ਚਾਹ ਅਤੇ ਮਠਿਆਈ ਦੀ ਸੇਵਾ ਕੀਤੀ । ਪ੍ਰਧਾਨ ਜਨਕ ਸਿੰਘ ਖੁਰਮੀ ਅਤੇ ਸਾਰ ਮੈਂਬਰਾਂ ਨੇ ਰਘਬੀਰ ਸਿੰਘ ਭੁੱਲਰ ਨੂੰ ਜਨਮਦਿਨ ਦੀ ਵਧਾਈ ਦਿੱਤੀ। ਇਸ ਮੌਕੇ ਕੁਲਦੀਪ ਸਿੰਘ ਗਿੱਲ, ਅਵਤਾਰ ਸਿੰਘ ਹੀਰ, ਰਣਜੋਧ ਸਿੰਘ ਚਹਿਲ, ਮਾਸਟਰ ਹਰੀ ਸਿੰਘ ਮਹੇਸ਼, ਮਾਸਟਰ ਚਰਨਜੀਤ ਸਿੰਘ, ਮੁਹੰਮਦ ਲਾਤੀਫ਼ ਜਾਵੇਦ , ਸੁਰਜੀਤ ਸਿੰਘ ਮਾਣੂੰਕੇ, ਕਰਮਜੀਤ ਸਿੰਘ, ਸਰਬਜੀਤ ਸਿੰਘ ਪੋਹਲੀ, ਅਮਰਜੀਤ ਸਿੰਘ, ਸਿੰਗਾਰਾ ਸਿੰਘ ਗੁਰਮ, ਬਲਜੀਤ ਸਿੰਘ, ਕੁਲਵੰਤ ਸਿੰਘ ਆਦਿ ਹਾਜ਼ਰ ਸਨ ।



ਮੈਨੂੰ ਬੈਠ ਕੇ ਬਨੇਰੇ ਉੱਤੇ ਕਾਂ ਪੁੱਛਦੈ....



ਕਾਲਾ ਸਿੰਘ ਸੈਣੀ,
ਮੋਬਾ:99882-80386

ਸਵੇਰ ਵੇਲੇ ਘਰਾਂ 'ਚ ਆਉਂਦੀ ਚਾਟੀ 'ਚ ਪਾਈ ਮਧਾਣੀਆਂ ਦੀ ਆਵਾਜ਼,ਪੰਛੀਆਂ ਦੀਆਂ ਆਵਾਜ਼ਾਂ ਦਾ ਸੁੰਦਰ ਨਜ਼ਾਰਾ,ਖੇਤਾਂ ਵਿੱਚ ਹਲ ਵਾਹੁੰਦੇ ਬਲਦਾਂ ਦੇ ਗਲਾ 'ਚ ਖੜਕਦੀਆਂ ਟੱਲੀਆਂ ਦੀ ਟਣਕਾਰ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰਦੀ ਹੈ। ਪੁਰਾਤਨ ਸਮੇਂ ਤੋਂ ਹੀ ਰੁੱਖ,ਮਨੁੱਖ ਅਤੇ ਪੰਛੀ ਇੱਕ ਦੂਸਰੇ ਦੇ ਮਿੱਤਰ ਰਹੇ ਹਨ। ਜੇਕਰ ਖੇਤੀਬਾੜੀ ਦੇ ਧੰਦੇ ਦੀ ਗੱਲ ਕਰਿਏ ਤਾਂ ਮੁੱਢ ਤੋਂ ਹੀ ਪੰਛੀਆਂ 'ਤੇ ਕਿਸਾਨਾਂ ਦੀ ਗੂੜ੍ਹੀ ਮਿੱਤਰਤਾ ਰਹੀ ਹੈ। ਖੇਤਾਂ 'ਚ ਹਲ ਵਾਹੁੰਣ ਵੇਲੇ ਪੰਛੀ ਆਪਣਾ ਅਨੰਦ ਲੈਂਦੇ ਹਨ। ਹੱਲ ਵਾਹੁੰਣ ਵੇਲੇ ਧਰਤੀ 'ਚ ਨਿੱਕਲਦੇ ਕੀੜੇ ਪੰਛੀਆਂ ਦਾ ਭੋਜਨ ਬਣਦੇ ਹਨ। ਇਨ ਾਂ ਪੰਛੀਆਂ 'ਚ ਕਾਂ ਵੀ ਸਾਮਿਲ ਹੁੰਦੇ ਹਨ। ਅਜੋਕੇ ਸਮੇਂ ਅੰਦਰ ਭਾਵੇਂ ਖੇਤੀ ਟਰੈਕਟਰਾਂ ਨਾਲ ਹੋਣ ਲੱਗ ਪਈ ਹੈ ਪਰ ਬਹਿਰਕੇ ਕੇ ਸੁਣ ਰਹੇ ਸੀ। ਉਨ ਾਂ ਦੇ ਸੁਣਨ ਇਹ ਮਨਮੋਹਣਾ ਦ੍ਰਿਸ਼ ਅੱਜ ਵੀ ਖੇਤਾਂ 'ਚ ਦੇਖਣ ਨੂੰ ਮਿਲਦਾ ਹੈ।

ਪੰਛੀਆਂ ਦੀਆਂ ਹਜਾਰਾਂ ਪ੍ਰਜਾਤੀਆਂ 'ਚ ਇੱਕ ਪੰਛੀ ਕਾਂ ਵੀ ਹੈ। ਕੁਦਰਤ ਦਾ ਇਹ ਜੀਵ ਸਾਕਾਹਾਰੀ ਅਤੇ ਮਾਸਾਹਾਰੀ ਹੈ। ਉੜਨ ਵਾਲੇ ਪੰਛੀਆਂ 'ਚ ਕਾਂ ਨੂੰ ਸਭ ਤੋਂ ਜਿਆਦਾ ਅਕਲਮੰਦ ਮੰਨਿਆਂ ਜਾਂਦਾ ਹੈ। ਨਰ ਅਤੇ ਮਾਦਾ ਦੋਵੇਂ ਆਪਣੇ ਬੱਚਿਆਂ ਨੂੰ ਪਾਲਦੇ ਹਨ। ਇਹ ਇੱਕ ਪਰਿਵਾਰਕ ਮੈਂਬਰ ਦੀ ਤਰ ਾਂ ਸਾਰੀ ਉਮਰ ਇੱਕ ਮਾਦਾ ਨਾਲ ਹੀ ਗੁਜਾਰਦਾ ਹੈ। ਕਾਂ ਦੀ ਯਾਦ ਸਕਤੀ ਬਹੁਤ ਹੁੰਦੀ ਹੈ ਇਹ ਲੰਮੇਂ ਸਮੇਂ ਬਾਅਦ ਵੀ ਮਨੁੱਖ ਦੀ ਸਕਲ ਪਛਾਣ ਲੈਂਦਾ ਹੈ। ਆਪਣੇ ਉੱਤੇ ਮੁਸੀਬਤ ਆਉਣ 'ਤੇ ਇਨ ਾਂ ਦਾ ਝੁਡ ਇੱਕਠਾ ਹੋ ਕੇ ਦੁਸ਼ਮਨ ਉੱਤੇ ਹਮਲਾ ਕਰ ਦਿੰਦਾ ਹੈ। ਪ੍ਰਾਕਿਰਤੀ ਦੇ ਰਾਖੇ ਮੰਨੇ ਜਾਂਦਾ ਇਹ ਪੰਛੀ ਇੱਕਲੇ ਰਹਿਣਾ ਪਸੰਦ ਕਰਦੇ ਹਨ। ਪੁਰਾਤਨ ਸਮੇਂ ਤੋਂ ਹੀ ਸਮਾਜ ਇਸ ਨੂੰ ਦੋ ਨਜ਼ਰਾਂ ਨਾਲ ਦੇਖਦਾ ਆਇਆ ਹੈ। ਇਸ ਦਾ ਬੋਲਣਾ,ਦੇਖਣਾ ਜਿੱਥੇ ਸ਼ਗਨ ਮੰਨਿਆ ਜਾਂਦਾ ਹੈ,ਉੱਥੇ ਹੀ ਇਸ ਨੂੰ ਅਪਸ਼ਗਨ ਮੰਨਦੇ ਹਨ। ਫਸਲਾਂ ਦੀ ਬਰਵਾਦੀ ਕਾਰਨ ਕਿਸਾਨਾਂ ਵਲੋਂ ਕਾਂ ਨੂੰ ਨਿੰਦਿਆਂ ਵੀ ਜਾਂਦਾ ਰਿਹਾ ਹੈ।

ਮਨੁੱਖ ਦੇ ਮਿੱਤਰ ਪੰਛੀ ਕਾਂ ਬਾਰੇ ਬਹੁਤ ਸਾਰੀਆਂ ਸਿੱਖਿਆਦਾਇਕ ਧਾਰਮਿਕ ਕਹਾਣੀਆਂ ਅਤੇ ਬਾਲ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ। ਜੇਕਰ ਇਤਿਹਾਸ ਦੀ ਗੱਲ ਕਰਿਏ ਤਾਂ ਇਤਿਹਾਸ 'ਚ ਵੀ ਪੰਛੀ ਕਾਂ ਦਾ ਜਿਕਰ ਆਉਂਦਾ ਹੈ। ਮਹਾਭਾਰਤ ਅਤੇ ਰਮਾਇਣ 'ਚ ਕਾਕਭੁਸ਼ੁਡੀ ਦਾ ਜਿਕਰ ਆਉਂਦਾ ਹੈ। ਜਦੋਂ ਸ਼ਿਵ ਭਗਵਾਨ ਮਾਤਾ ਪਾਰਵਤੀ ਨੂੰ ਭਗਵਾਨ ਰਾਮ ਜੀ ਦੀ ਕਹਾਣੀ ਸੁਣਾ ਰਹੇ ਸੀ ਤਾਂ ਕਾਕਭੁਸ਼ੁਡੀ ਪਿੱਛੇ



ਨਾਲ ਇਹ ਕਥਾ ਧਰਤੀ 'ਤੇ ਆਈ। ਪੰਛੀ ਕਾਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫਰੀਦ ਜੀ ਦੇ ਸਲੋਕ ਦਰਜ ਹਨ:

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਿਹ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥

ਪੰਜਾਬ ਗੀਤਾਂ ਦਾ ਦੇਸ਼ ਹੈ,ਪੰਜਾਬ ਦੀ ਧਰਤੀ ਲੋਕ ਗੀਤਾਂ ਦਾ ਪ੍ਰਕਾਸ਼ ਵੰਡਣ ਵਾਲੀ ਧਰਤੀ ਹੈ। ਚੇਤਿਆਂ 'ਚ ਵਸਦੇ ਲੋਕ ਗੀਤਾਂ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੇ ਹਨ। ਪੁਰਾਤਨ ਸਮੇਂ ਤੋਂ ਕਾਂ ਦਾ ਕੋਠੇ ਦੇ ਬਨੇਰੇ ਉੱਤੇ ਬੈਠ ਬੋਲਣਾ ਉਸ ਘਰ ਪ੍ਰਹੁਣਾ ਆਉਣ ਦਾ ਸ਼ੁਕੇਤ ਮੰਨੀਆਂ ਜਾਂਦਾ ਹੈ। ਵੰਨ-ਸੁਵੰਨੇ ਲੋਕ ਗੀਤਾਂ ਨਾਲ ਸਾਡੇ ਮਿੱਠੜੇ ਬੋਲਾਂ ਦਾ ਸ਼ਿੰਗਾਰ ਸੰਗੀਤ ਦੇ ਸਾਗਰ 'ਤੇ ਉੱਡਦੇ (ਅੱਠਖੇਲੀਆਂ) ਕਰਦੇ ਕਾਂਵਾਂ ਨੂੰ ਕਲਮਾਂ ਦੇ ਹੁਸਨਾਂ ਨੇ ਕਾਂਗਜਾਂ ਦੀ ਚਿਹਰਿਆਂ 'ਤੇ ਲੋਕ ਗੀਤਾਂ ਅਤੇ ਟੱਪਿਆਂ ਦਾ ਰੂਪ ਦਿੱਤਾ ਹੈ। ਖੂਬਸੂਰਤ ਕਲਮਾਂ ਦੀ ਉਪਜ ਲੋਕ ਗੀਤਾਂ ਨੂੰ ਸਾਡੇ ਗਾਇਕ ਤੇ ਗਾਇਕਾਵਾਂ ਨੇ ਖੁੱਭ ਕੇ ਗਾਇਆ ਹੈ। ਪੇਸ਼ ਹਨ ਗੀਤਾਂ ਦੇ ਬੋਲ:

ਕਾਂਵਾਂ ਵੇ ਸੁਣ ਕਾਂਵਾ ਇੱਕ ਅਰਜੀ ਹੱਥ ਫੜਾਂਵਾ.. (ਹਰਭਜਨ ਮਾਨ)
ਕਾਂਵਾ ਉੱਡ ਕਾਂਵਾ ਜਿਨ ਾਂ ਪੁੱਤਰਾਂ ਤੋਂ ਵਿਛੜਨ ਮਾਂਵਾ.. (ਸ਼ੌਕਤ ਅਲੀ)
ਕਾਂਵਾਂ ਵੇ ਸੁਣ ਕਾਂਵਾ ਕਿੱਥੇ ਮਲੀਆਂ ਨੇ ਸੱਜਣਾਂ ਥਾਵਾਂ.. (ਮਰਹੂਮ ਦਿਲਸ਼ਾਦ ਅਖ਼ਤਰ)
ਕਾਂਵਾਂ ਵੇ ਸੁਣ ਕਾਂਵਾ ਤੇਰੀ ਚੁੰਜ ਸੁੱਧ ਸੋਨੇ 'ਚ ਮੜਾਵਾ.. (ਗਾਇਕਾ ਮਨਪ੍ਰੀਤ ਅਖ਼ਤਰ)
ਐਵੇਂ ਬੋਲ ਨਾ ਬਨੇਰੇ ਉੱਤੇ ਕਾਵਾਂ ਸੱਜਣਾਂ ਨਹੀਂ ਆਉਣਾ (ਉਸਤਾਦ ਨੁਸਰਤ ਫ਼ਤਿਹ ਅਲੀ ਖ਼ਾਨ)
ਉੱਡ ਜਾ ਬਨੇਰੇ ਉੱਤੋਂ ਕਾਵਾਂ ਵੇ ਗੁਆਢੀ ਕਿੱਤੇ ਦੂਰ ਵਸ ਗਏ (ਦੁਰਗਾ ਰੰਗੀਲਾ)
ਉੱਡ ਕੋਠੇ ਉੱਤੋਂ ਕਾਂਵਾਂ ਵੇ ਸਾਡੇ ਦਿਲ ਦਾ ਪ੍ਰਹੁਣਾ ਕੋਈ ਨਾ..
(ਪਾਕਿਸਤਾਨੀ ਗਾਇਕਾ ਸਾਈਰਾ ਨਸ਼ੀਮ)
ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ (ਗਾਇਕਾ ਆਸ਼ਾ ਭੋਸਲੇ, ਫਿਲਮ ਮਨ ਜੀਤੇ ਜਗ ਜੀਤੇ)
ਉੱਡ ਜਾ ਕਾਲੇ ਕਾਵਾਂ ਤੇਰੇ ਮੂੰਹ ਵਿੱਚ ਖੰਡ ਪਾਵਾਂ.. (ਹਿੰਦੀ ਫਿਲਮ ਗਦਰ)

ਮਨੁੱਖ,ਰੁੱਖ ਅਤੇ ਪੰਛੀ ਪੁਰਾਤਨ ਸਮੇਂ ਤੋਂ ਹੀ ਇੱਕ ਦੂਸਰੇ ਦੇ ਮਿੱਤਰ ਬਣਕੇ ਰਹੇ ਹਨ। ਇੱਕ ਵੇਲੇ ਸੀ ਜਦੋਂ ਚੁੱਲੇ 'ਤੇ ਰੋਟੀ ਪੱਕਣ ਲੱਗਣੀ ਤਾਂ ਕਾਂ ਝੱਟ ਵਿਹੜੇ ਆਣ ਵੜਦਾ ਤੇ ਟੇਢੀ ਜਿਹੀ ਅੱਖ ਨਾਲ ਬਨੇਰੇ ਬੈਠਾ ਰੋਟੀ ਦੀ ਬੁਰਕੀ ਲੈਣ ਦੀ ਆਸ ਨਾਲ ਕਾਂ..ਕਾਂ..ਕਾਂ ਕਰਦਾ ਰਹਿੰਦਾ। ਬੁਰਕੀ ਲੈ ਝੱਟ ਉੱਡ ਜਾਂਦਾ। ਅਜੋਕੇ ਸਮੇਂ ਦੀਆਂ ਬਹੁਮੰਜ਼ਲਾਂ ਇਮਾਰਤਾਂ ਦੇ ਪੱਕੇ ਬਨੇਰੀਆਂ ਅਤੇ ਤੰਗ ਵਿਹੜਿ ਆਂ 'ਚ ਕਾਂਵਾ ਨੂੰ ਰੋਟੀ ਦੀ ਬੁਰਕੀ ਪਾਉਣ ਵਾਲਾ ਇਨਸ਼ਾਨ ਖੁਦ ਸ਼ੀਸ਼ੇ ਦੇ ਮਹਿਲਾਂ ਅੰਦਰ ਕੈਦ ਹੋ ਕੇ ਰਹਿ ਗਿਆ ਹੈ। ਪੱਕੇ ਬਨੇਰੀਆਂ 'ਤੇ ਬੈਠੇ ਕਾਂਵਾ ਦੇ ਬੋਲਣੇ ਨੂੰ ਸੁਣਕੇ ਹੁਣ ਕੋਈ ਰੋਟੀ ਵੀ ਨਹੀਂ ਪਾਉਂਦਾ। ਕਾਂਵਾਂ ਨੂੰ ਰੋਟੀ ਪਾਉਣ ਵਾਲੀਆਂ ਮਾਂਵਾਂ ਹੁਣ ਪੱਥਰਾਂ ਦੀਆਂ ਰਸੋਈਆਂ 'ਚ ਕੈਦ ਹੋ ਕੇ ਰਹਿ ਗਈਆਂ ਹਨ। ਕਾਂਵਾ ਦੇ ਸਵਾਲ ਜਵਾਬ ਨੂੰ ਬਿਆਨ ਕਰਦਾ ਗੀਤਕਾਰ ਹਰਜਿੰਦਰ ਸਾਈਂ ਸੁਕੇਤੜੀ ਦੇ ਬੋਲ ਹਨ:

ਮੈਨੂੰ ਬੈਠ ਕੇ ਬਨੇਰੇ ਉੱਤੇ ਕਾਂ ਪੁੱਛਦਾ ਏ।
ਕਿਥੇ ਤੁਰਗੀ ਏ ਮੈਂਨੂੰ ਮੇਰੀ ਮਾਂ ਪੁੱਛਦਾ ਏ॥
ਮੈਂ ਬੈਠ ਕੇ ਬਨੇਰੇ ਥੋਡੇ ਜਦੋਂ ਕੁਰਲਾਇਆ।
ਮੈਂਨੂੰ ਪਿਆਰ ਨਾਲ ਟੁੱਕ ਮੇਰੀ ਅੰਮੜੀ ਨੇ ਪਾਇਆ।
ਹੁਣ ਦਿੱਸਦੀ ਨਾ ਵਿਹੜੇ ਵਿੱਚ ਤਾਂ ਪੁੱਛਦਾ ਏ।
ਮੈਂਨੂੰ ਬੈਠ ਕੇ ਬਨੇਰੇ ਉੱਤੇ ਕਾਂ ਪੁੱਛਦਾ ਏ .. ..॥



ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਏ.ਜੀ.ਐਮ ਵਿੱਚ ਸਾਲਾਨਾ ਰਿਪੋਰਟ ਸਰਬਸੰਮਤੀ ਨਾਲ ਪ੍ਰਵਾਨ ਹੋਈ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਤਾਰ੍ਹਵਾਂ ਸਾਲਾਨਾ ਆਮ ਇਜਲਾਸ (Annual General Meeting –A.G.M.) 26 ਅਕਤੂਬਰ, 2026 ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਆਯੋਜਿਤ ਕੀਤਾ ਗਿਆ। ਇਸ ਬਾਬਤ ਪਹਿਲਾਂ ਹੀ ਸਾਰੇ ਮੈਂਬਰਾਂ ਨੂੰ ਬਾਕਾਇਦਾ ਨਿਯਮਾਂ ਅਨੁਸਾਰ ਨੋਟਿਸ ਜਾਰੀ ਕੀਤਾ ਗਿਆ ਸੀ। ਵਿਧੀ ਪੂਰਵਕ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ 17 ਨਵੰਬਰ,2025 ਨੂੰ ਵੀਵੋ ਵਿਖੇ ਹੋਏ ਸਾਲ 2024-25 ਦੇ ਇਜਲਾਸ ਦੀ ਰਿਪੋਰਟ ਪੜ੍ਹੀ ਜਿਸ ਨੂੰ ਸਰਬਸੰਮਤੀ ਨਾਲ਼ ਪ੍ਰਵਾਨਗੀ ਦਿੱਤੀ ਗਈ। ਇਸ ਉਪ੍ਰੰਤ ਸਾਲ 2025-26 ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟ ਅਧੀਨ ਸਾਲ ਦੌਰਾਨ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਦਾ ਵੇਰਵਾ ਦਿੱਤਾ ਗਿਆ। ਇਸ ਦੌਰਾਨ ਸਦੀਵੀ ਵਿਛੋੜਾ ਦੇ ਗਏ ਮੈਂਬਰਾਂ ਨੂੰ ਅਕੀਦਾ ਪੇਸ਼ ਕੀਤਾ ਗਿਆ। ਮਨਾਏ ਗਏ ਤਿਉਹਾਰਾਂ, ਕੌਮੀ ਦਿਵਸਾਂ, ਪਿਕਨਿਕਾਂ ਅਤੇ ਬਹੁ-ਸਭਿਆਚਾਰਕ ਪ੍ਰੋਗਰਾਮਾਂ ਦਾ ਸੰਖੇਪ ਵਰਨਣ ਕੀਤਾ ਗਿਆ। ਰਿਪੋਰਟ ਵਿਚ ਸਾਲ ਭਰ ਦੇ ਵਿੱਤੀ ਹਿਸਾਬ-ਕਿਤਾਬ ਦਾ ਲੇਖਾ-ਜੋਖਾ ਸਾਹਮਣੇ ਰੱਖਿਆ ਗਿਆ। ਆਮ ਖਾਤੇ (General Account) ਅਤੇ ਕੈਸੀਨੋ ਖਾਤੇ (Casino Account) ਦੇ ਆਮਦਨ, ਖ਼ਰਚ ਅਤੇ ਬਕਾਇਆ ਰਾਸ਼ੀ ਦੇ ਅੰਕੜੇ ਦੱਸੇ ਗਏ। ਰਿਪੋਰਟ ਨੂੰ ਹਾਜ਼ਰ 134 ਮੈਂਬਰਾਂ ਨੇ ਸਰਬਸੰਮਤੀ ਨਾਲ਼ ਪ੍ਰਵਾਨਗੀ ਦਿੱਤੀ। ਜਿਸ ਮੁਹਾਰਤ, ਪੇਸ਼ੇਵਰ ਨਿਪੁੰਨਤਾ ਅਤੇ ਨਿਰਧਾਰਤ ਵਿਧੀ ਅਨੁਸਾਰ ਰਿਪੋਰਟ ਪੇਸ਼ ਕੀਤੀ ਗਈ, ਉਸ ਲਈ ਪ੍ਰਧਾਨ ਸੁਰਿੰਦਰਜੀਤ ਪਲਾਹਾ ਦੀ ਭਰਵੀਂ ਪ੍ਰਸ਼ੰਸਾ ਹੋਈ। ਭਾਵੇਂ ਪ੍ਰਧਾਨ ਜੀ ਨੇ ਐਸੋਸੀਏਸ਼ਨ ਦੀ ਸ਼ਾਨਦਾਰ ਕਾਮਯਾਬੀ ਲਈ ਸਾਰੇ ਮੈਂਬਰਾਂ ਦੇ ਸਹਿਯੋਗ ਨੂੰ ਮਾਨਤਾ ਦਿੱਤੀ ਪਰ ਇਸ ਦਾ ਸਿਹਰਾ ਨਿਰਸੰਦੇਹ ਪ੍ਰਧਾਨ ਦੀ ਸੁਚੱਜੀ ਤੇ ਯੋਗ ਅਗਵਾਈ ਨੂੰ ਜਾਂਦਾ ਹੈ। ਫਿਰ ਉਨ੍ਹਾਂ ਨੇ ਅੰਕੜਿਆਂ ਦੇ ਇਸ ਖ਼ੁਸ਼ਕ ਮਾਹੌਲ ਨੂੰ ਚੁਟਕਲਾ ਸੁਣਾ ਕੇ ਹਾਸੇ ਦੇ ਮਾਹੌਲ ਵਿਚ ਬਦਲ ਦਿੱਤਾ। ਉਨ੍ਹਾਂ ਨੇ ਹੁਣੇ ਹੋ ਕੇ ਹਟੇ ਰਿਫਰੈਂਡਮ ਦੇ ਨਤੀਜੇ ਉਪਰ ਤਸੱਲੀ ਪ੍ਰਗਟ ਕਰਦਿਆਂ ਵਧ ਚੜ੍ਹ ਕੇ ਵੋਟਾਂ ਪਾਉਣ ਲਈ ਮੈਂਬਰਾਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਇਕ ਪੁਰਾਣਾ ਫਿਲਮੀ ਗੀਤ ਵਜਾ ਕੇ ਕਾਰਵਾਈ ਚਲਾਉਣੀ ਸ਼ੁਰੂ ਕੀਤੀ। ਅਕਤੂਬਰ ਮਹੀਨੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਪਰਮਜੀਤ ਕੌਰ ਖੋਸਾ ਨੇ ਤੋਹਫ਼ੇ ਪ੍ਰਦਾਨ ਕੀਤੇ ਅਤੇ ਸਮੂਹ ਮੈਂਬਰਾਂ ਨੇ ਵਧਾਈਆਂ ਪਰੋਸੀਆਂ।ਵਿਜੇ ਸਚਦੇਵਾਨੇ ਫ਼ਿਲਮੀ ਗੀਤ - ਕਹੀਂ ਦੂਰ ਜਬ ਦਿਨ ਢਲ ਜਾਏ / ਸਾਂਝ ਕੀ ਦੁਲਹਨ ਬਦਨ ਚੁਰਾਏ / ਚੁਪਕੇ ਸੇ ਆਏ, ਡਾ. ਮਨਮੋਹਨ ਬਾਠ ਨੇ ਇਹ ਗੀਤ - ਜਨਮ ਜਨਮ ਕਾ ਸਾਥ ਹੈ ਨਿਭਾਨੇ ਕੋ / ਸੌ ਸੌ ਬਾਰ ਮੈਂ ਨੇ ਜਨਮ ਲੀਏ- ਅਤੇ ਸੁਖਮੰਦਰ ਗਿੱਲ ਨੇ ਆਪਣਾ ਰਚਿਆ ਗੀਤ - ਅੱਜ ਵੀ ਲਗਦੈ ਉਹ ਕਮਲ਼ੀ ਮੇਰੇ ਪਿੱਛੇ ਪਿੱਛੇ ਆਉਂਦੀ ਐ - ਵਧੀਆ ਸੁਰ ਵਿਚ ਪੇਸ਼ ਕਰ ਕੇ ਦਰਸ਼ਕਾਂ ਦਾ ਭਰਪੂਰਮਨੋਰੰਜਨ ਕੀਤਾ। ਰਿਸ਼ੀ ਨਾਗਰ ਨੇ ਦਵਾਈ ਦੇ ਉਲਟੇ ਅਸਰਾਂ ਵਾਲ਼ੀਅਨਵਰ ਮਸੂਦ ਦੀ ਮਜ਼ਾਹੀਆ ਨਜ਼ਮ ਉਸੇ ਮਖੌਲੀਆ ਅੰਦਾਜ਼ ਵਿਚ ਪੇਸ਼ ਕਰ ਕੇ ਹਾਸਰਸ ਪੈਦਾ ਕੀਤਾ। ਜੋਗਾ ਸਿੰਘ ਲੈਹਲ ਅਤੇ ਭਜਨ ਸਿੰਘ ਸਾਗੂ ਦੇ ਚੁਟਕਲੇ ਇਸ ਮਾਹੌਲ ਵਿਚ ਹੋਰ ਵਾਧਾ ਕਰ ਗਏ। ਡਾ. ਰਾਜਵੰਤ ਕੌਰ ਪ੍ਰੀਤ ਮਾਨ ਨੇ ਆਪਣੀ ਸਾਂਝ ਦੇ ਝਰੋਖੇ 'ਚੋਂ ਅੰਮ੍ਰਿਤਾ ਪ੍ਰੀਤਮ ਦੇ ਜੀਵਨ ਉਪਰ ਝਾਤ ਪੁਆਈ।

ਸੁਖਦੇਵ ਸਿੰਘ ਧਾਲ਼ੀਵਾਲ਼ ਨੇ ਹਰਿਮੰਦਰ ਸਾਹਿਬ ਦੀ ਸ਼ੋਭਾ ਬਾਰੇ ਕੁਝ ਮਹਾਨ ਹਸਤੀਆਂ - ਇਤਿਹਾਸਕਾਰ ਮਾਈਕਲ ਐਡਵਰਡਜ਼, ਆਰਕੀਟੈਕਟ ਪਰਸੀ ਬ੍ਰਾਊਨ, ਰਿਪਲੇ, ਲੇਖਕ ਕਿਪਲਿੰਗ ਆਦਿ ਦੇ ਵਿਚਾਰਾਂ ਤੋਂ ਜਾਣੂੰ ਕਰਾਇਆ, ਦਰਬਾਰ ਸਾਹਿਬ ਬਾਰੇ ਇਮਾਰਤਸਾਜ਼ੀ ਦੀਆਂ ਮਿਣਤੀਆਂ ਅਤੇ ਕਲਾਤਮਕ ਪੱਖਾਂ ਦੀ ਵਿਆਖਿਆ ਕੀਤੀ। ਤਾਰਿਕ ਮਲਿਕ ਨੇ ਸ਼ਿਅਰ ਫ਼ੁਰਮਾ ਕੇ ਹੁਸਨ-ਇਸ਼ਕ ਦੀ ਬਾਤ ਪਾਈ - ਹਰ ਇਕ ਕੋ ਮੁਹੱਬਤ ਕੀ ਜਾਗੀਰ ਨਹੀਂ ਮਿਲਤੀ। ਹੈਪੀ ਮਾਨ ਅਤੇ ਦਿਲਾਵਰ ਸਮਰਾ ਨੇ ਗੁਰਬਾਣੀ ਦੇ ਹਵਾਲੇ ਨਾਲ਼ ਕਿਰਤ ਕਰਨ ਦੀ ਅਹਿਮੀਅਤ ਜਤਾਈ। ਹਰਿੰਦਰ ਕੌਰ ਮੁੰਡੀ ਨੇ ਵਿਸਰ ਰਹੀ ਵਿਰਾਸਤ ਨੂੰ ਸੰਭਾਲਣ ਦੀ ਗੱਲ ਕਹੀ। ਸੁਖਦੇਵ ਸਿੰਘ ਬੈਂਸ ਨੇ ਕੀਮਤੀ ਵਿਚਾਰ ਰੱਖੇ। ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਦਾ ਤਹਿਦਿਲੋਂ ਧੰਨਵਾਦ ਕੀਤਾ। ਬਰਿੰਦਰ ਮਦਾਨ ਤੇ ਜਸਵੰਤ ਸਿੰਘ ਕਪੂਰ ਨੇ ਫੋਟੋਗ੍ਰਾਫ਼ੀ, ਲਖਵਿੰਦਰ ਜੌਹਲ ਨੇ ਹਾਜ਼ਰੀ, ਜੰਗਪਾਲ ਖੋਸਾ ਸਮੇਤ ਪਰਮਜੀਤ ਕੌਰ ਖੋਸਾ ਅਤੇ ਅਮਰਜੀਤ ਕੌਰ ਪਲਾਹਾ ਹੁਰਾਂਦੀ ਬੀਬੀਆਂ ਦੀ ਟੀਮ ਨੇ ਭੋਜਨ ਵਰਤਾਉਣ ਦੀ ਸੇਵਾ ਨਿਭਾਈ। ਭੋਜਨ ਦੇ ਸਵਾਦ ਵਿਚ ਸੇਵੀਆਂ ਨੇ ਮਿੱਠਤ ਮਿਲਾ ਦਿੱਤੀ।





ਹੱਸਦਾ-ਹਸਾਉਂਦਾ ਤੁਰ ਗਿਆ ਹਾਸਿਆਂ ਦਾ ਵਣਜਾਰਾ-ਕੇ.ਐਲ. ਗਰਗ

ਜਸਵੀਰ ਸਿੰਘ ਭਲੂਰੀਆ
+1-236-622-7799

ਪੰਜਾਬੀ ਸਾਹਿਤ ਵਿੱਚ ਸ੍ਰੀ ਕੇ ਐਲ ਗਰਗ ਦਾ ਨਾਮ ਬੜੇ ਅਦਬ-ਸਤਿਕਾਰ ਨਾਲ ਲਿਆ ਜਾਂਦਾ ਹੈ ਅਤੇ ਰਹਿੰਦੀ ਦੁਨੀਆਂ ਤੱਕ ਪੰਜਾਬੀ ਸਾਹਿਤ ਦੇ ਅਕਾਸ਼ ਵਿੱਚ ਧਰੂੰ ਤਾਰੇ ਵਾਂਗ ਚਮਕਦਾ ਰਹੇਗਾ।ਸਾਹਿਤ ਦਾ ਇਹ ਸਿਤਾਰਾ 30 ਸਤੰਬਰ 2026 ਨੂੰ ਪੰਜਾਬੀ ਸਾਹਿਤ ਦੇ ਅਕਾਸ਼ ਵਿੱਚੋਂ ਸਦਾ ਲਈ ਅਲੋਪ ਹੋ ਗਿਆ,ਪਰ ਆਪਣੇ ਸਿਰਜੇ ਸ਼ਬਦਾਂ ਰਾਹੀਂ ਉਹ ਸਦਾ ਸਾਡੇ ਅੰਗ ਸੰਗ ਰਹੇਗਾ।ਸ੍ਰੀ ਕੇ ਐਲ ਗਰਗ ਜੀ ਦਾ ਪੂਰਾ ਨਾਮ ਕ੍ਰਿਸ਼ਨ ਲਾਲ ਗਰਗ ਸੀ। ਉਹਨਾਂ ਦਾ ਜਨਮ 13 ਅਪ੍ਰੈਲ 1943 ਨੂੰ ਪਿਤਾ ਸ੍ਰੀ ਬਚਨ ਲਾਲ ਗਰਗ ਦੇ ਘਰ ਮਾਤਾ ਸ੍ਰੀਮਤੀ ਕਲਾਵੰਤੀ ਦੀ ਕੁੱਖੋਂ ਧੂਰੀ ਵਿਖੇ ਹੋਇਆ। ਗਰਗ ਸਾਬ੍ਹ ਹੁਰੀਂ ਪੰਜ ਭਰਾ ਸਨ। ਉਨ੍ਹਾਂ ਦੀ ਸ਼ਾਦੀ ਸ੍ਰੀਮਤੀ ਜਨਕ ਰਾਣੀ ਨਾਲ ਹੋਈ। ਉਨ੍ਹਾਂ ਦੇ ਦੋ ਬੇਟੀਆਂ ਅਤੇ ਇੱਕ ਬੇਟਾ ਪੈਦਾ ਹੋਇਆ। ਇੱਕ ਬੇਟਾ ਤੇ ਇੱਕ ਬੇਟੀ ਅਮਰੀਕਾ ਵਿੱਚ ਵੱਸਦੇ ਹਨ ਅਤੇ ਇੱਕ ਬੇਟੀ ਫਰੀਦਕੋਟ ਵਿੱਚ ਹੈ।ਸੁਰਤ ਸੰਭਲਦੇ ਹੀ ਗਰਗ ਸਾਬ੍ਹ ਆਪਣੇ ਪਿਤਾ ਨਾਲ ਕੰਮ ਵਿੱਚ ਹੱਥ ਵਟਾਉਣ ਲੱਗ ਪਏ ਸਨ ਕਿਉਂਕਿ ਉਨ੍ਹਾਂ ਦੇ ਘਰ ਦੀ ਆਰਥਿਕ ਹਾਲਤ ਠੀਕ-ਠਾਕ ਹੀ ਸੀ। ਉਨ੍ਹਾਂ ਦੇ ਪਿਤਾ ਜੀ ਧੂਰੀ ਵਿੱਚ ਬਰਫ਼ ਦੀਆਂ ਸਿਲਾਂ ਵੇਚਦੇ ਸਨ ਅਤੇ ਗਰਗ ਸਾਬ੍ਹ ਰੇਹੜੀ ਉੱਤੇ ਬਰਫ਼ ਰੱਖ ਕੇ ਦੁਕਾਨਾਂ ਉੱਤੇ ਵੇਚਣ ਜਾਂਦੇ ਸਨ। ਪਰ ਉਨ੍ਹਾਂ ਅੰਦਰ ਪੜ੍ਹਨ ਦੀ ਰੁਚੀ ਸੀ। ਪਿਤਾ ਨਾਲ ਕੰਮ ਵਿੱਚ ਹੱਥ ਵਟਾਉਂਦੇ ਉਹ ਦਸਵੀਂ ਪਾਸ ਕਰ ਗਏ। ਏਵੇਂ ਹੀ ਐਫ.ਏ. ਕਰਕੇ ਬਿਜਲੀ ਬੋਰਡ ਵਿੱਚ ਕਲਰਕ ਲੱਗ ਗਏ। ਚਾਰ ਸਾਲ ਕਲਰਕੀ ਕੀਤੀ ਅਤੇ ਨਾਲ ਨਾਲ ਪ੍ਰਭਾਕਰ ਕਰ ਲਈ। ਅੱਗੇ ਪੜ੍ਹਨ ਲਈ ਉਨ੍ਹਾਂ ਨੇ ਤਲਵੰਡੀ ਭਾਈ ਬਦਲੀ ਕਰਵਾ ਲਈ। ਪ੍ਰਾਈਵੇਟ ਬੀ.ਏ. ਕਰਕੇ ਲਸੋਈ ਸਕੂਲ ਵਿੱਚ ਅਧਿਆਪਕ ਲੱਗ ਗਏ ਪਰ ਬੀ.ਐੱਡ. ਨਾ ਹੋਣ ਕਾਰਨ ਸਾਲ ਬਾਅਦ ਉਨ੍ਹਾਂ ਨੂੰ ਸਕੂਲ ਵਿੱਚੋਂ ਹਟਾ ਦਿੱਤਾ ਗਿਆ। ਫਿਰ ਮੋਗੇ ਤੋਂ ਬੀ ਐੱਡ ਕਰਕੇ ਫਿਰੋਜ਼ਪੁਰ ਡੀ ਸੀ ਮਾਡਲ ਸਕੂਲ ਵਿੱਚ ਅਧਿਆਪਕ ਲੱਗ ਗਏ। ਉੱਥੇ ਸਕੂਲ ਦੇ ਪ੍ਰਿੰਸੀਪਲ ਨਾਲ ਅਣਬਣ ਹੋ ਗਈ ਤਾਂ ਮੋਗੇ ਦੇ ਇੱਕ ਏਡਡ ਸਕੂਲ ਵਿੱਚ ਪੜ੍ਹਾਉਣ ਲੱਗ ਗਏ। ਮੋਗੇ ਆ ਕੇ ਗਰਗ ਸਾਬ੍ਹ ਮੋਗੇ ਦੇ ਹੀ ਹੋ ਕੇ ਰਹਿ ਗਏ। ਨੌਕਰੀ ਦੇ ਨਾਲ ਨਾਲ ਹਿੰਦੀ ਦੀ ਐਮ.ਏ. ਵੀ ਕਰ ਲਈ, ਹਰਿਆਣੇ ਦੇ ਇੱਕ ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਵੀ ਮਿਲ ਗਈ ਪਰ ਗਰਗ ਸਾਬ੍ਹ ਦਾ ਮੋਗੇ ਨਾਲ ਮੋਹ ਹੀ ਏਨਾ ਪੈ ਗਿਆ ਕਿ ਮੋਗਾ ਛੱਡਣ ਨੂੰ ਦਿਲ ਨਹੀਂ ਕੀਤਾ। ਮੋਗੇ ਬਾਰੇ ਇੱਕ ਕਹਾਵਤ ਹੈ, 'ਮੋਗਾ ਚਾਹ ਜੋਗਾ' ਪਰ ਗਰਗ ਸਾਬ੍ਹ 'ਮੋਗਾ ਮੁਹੱਬਤ ਜੋਗਾ' ਕਹਿੰਦੇ ਹੁੰਦੇ ਸਨ। ਜਦ ਗਰਗ ਸਾਬ੍ਹ ਆਰਥਿਕ ਪੱਖੋਂ ਪੈਰਾਂ ਸਿਰ ਹੋ ਗਏ ਤਾਂ ਉਹ ਸਾਹਿਤ ਸਿਰਜਣਾ ਵਿੱਚ ਜੁੱਟ ਗਏ।ਗਰਗ ਸਾਬ੍ਹ ਨੇ ਸਾਹਿਤਕ ਸਫ਼ਰ 'ਕਹਾਣੀ' ਤੋਂ ਸ਼ੁਰੂ ਕੀਤਾ ਅਤੇ ਬਹੁਤ ਜਲਦੀ ਚੋਟੀ ਦੇ ਕਹਾਣੀਕਾਰਾਂ ਵਿੱਚ ਜਾ ਖੜੇ ਹੋਏ। ਉਨ੍ਹਾਂ ਦੀਆਂ ਕਹਾਣੀਆਂ ਦੀਆਂ ਪੁਸਤਕਾਂ: ਵਾਟ 69, ਅੱਗ ਦੇ ਦਾਇਰੇ, ਤਲਬ ਦਾ ਰਿਸ਼ਤਾ, ਮੋਹ ਭੰਗ, ਲੁਕੇ ਹੋਏ ਬੰਦੇ, ਹੌਲੀ ਹੌਲੀ ਆਦਿ ਪਾਠਕਾਂ ਦੀ ਪਸੰਦ ਬਣੀਆਂ। ਅੰਮ੍ਰਿਤਾ ਪ੍ਰੀਤਮ ਦੇ ਮੈਗਜ਼ੀਨ 'ਨਾਗਮਣੀ' ਦੇ ਉਹ ਹਰਮਨ ਪਿਆਰੇ ਲੇਖਕ ਸਨ। ਨਾਗਮਣੀ ਵਿੱਚ ਛਪੀ ਉਨ੍ਹਾਂ ਦੀ ਕਹਾਣੀ 'ਸ਼ਹੀਦ' ਨੂੰ ਕਲਾਸਿਕ ਕਹਾਣੀ ਮੰਨਿਆ ਗਿਆ ਅਤੇ ਇਸ ਕਹਾਣੀ ਨੂੰ 'ਨਾਗਮਣੀ ਪੁਰਸਕਾਰ' ਵੀ ਮਿਲਿਆ। ਕਹਾਣੀ 'ਬਦਲਦਾ ਦ੍ਰਿਸ਼ਟੀਕੋਣ' ਉੱਪਰ 'ਰੱਬ ਝੂਠ ਨਾ ਬੁਲਾਵੇ' ਅਤੇ ਕਹਾਣੀ 'ਹੱਥ ਦੀ ਮੈਲ' ਉਪਰ ਫਿਲਮ 'ਲੇਖਾ ਮਾਵਾਂ ਧੀਆਂ ਦਾ' ਟੈਲੀਫਿਲਮਾਂ ਵੀ ਬਣੀਆਂ ਅਤੇ ਜਲੰਧਰ ਦੂਰਦਰਸ਼ਨ ਰਾਹੀਂ ਗਰਗ ਸਾਬ੍ਹ ਘਰ ਘਰ ਪਹੁੰਚ ਗਏ। ਕਹਾਣੀ ਤੋਂ ਬਾਅਦ ਨਾਵਲਕਾਰੀ ਵਿੱਚ ਵੀ ਗਰਗ ਸਾਬ੍ਹ ਨੇ ਵਿਲੱਖਣ ਪੈੜਾਂ ਪਾਈਆਂ।ਦਰਅਸਲ,ਤਲਾਸ਼,ਹੁੰਮਸ,ਤਮਾਸ਼ਾ (ਇਸਦਾ ਹਿੰਦੀ ਅਨੁਵਾਦ ਵੀ ਹੋਇਆ),ਆਖ਼ਰੀ ਪੱਤਾ,ਚੰਦ ਦਾ ਉਚੜਿਆ ਚਿਹਰਾ,ਹਿਲਦੇ ਦੰਦ ਅਤੇ ਮਰਸੀ ਕਿਲਿੰਗ ਵਰਗੇ ਇਕ ਦਰਜਨ ਦੇ ਕਰੀਬ ਪੰਜਾਬੀ ਅਤੇ ਹਿੰਦੀ ਵਿੱਚ ਨਾਵਲ, ਪਾਠਕਾਂ ਵਿੱਚ ਹਰਮਨ ਪਿਆਰੇ ਹੋਏ। ਨਾਵਲ ਤੋਂ ਬਾਅਦ ਗਰਗ ਸਾਬ੍ਹ ਨੇ ਹਾਸ-ਵਿਅੰਗ ਨੂੰ ਪੰਜਾਬੀ ਸਾਹਿਤ ਵਿੱਚ ਸਥਾਪਿਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਹਾਸ-ਵਿਅੰਗ ਦੀਆਂ ਉਨ੍ਹਾਂ 30 ਤੋਂ ਵੱਧ ਪੁਸਤਕਾਂ ਲਿਖ ਧਰੀਆਂ: ਦੇਖ ਕਬੀਰਾ ਹੱਸਿਆ, ਕਿੱਸਾ ਕੰਡਮ ਕੁਰਸੀ ਦਾ,ਥਾਣੇ ਵਿੱਚ ਸ਼ਰੀਫ ਆਦਮੀ,ਜਮੂੰਰੇ ਦਾ ਹਲਫੀਆ ਬਿਆਨ,ਦਫ਼ਤਰ ਵਿੱਚ ਭੂੰਡ,ਤਾਊ ਰੰਗੀ ਰਾਮ,ਖੂੰਡੇ ਵਾਲਾ ਬਾਬਾ,ਸ਼ੈਤਾਨ ਦੀ ਡਾਇਰੀ ਆਦਿ ਉਨ੍ਹਾਂ ਦੀਆਂ ਚਰਚਿਤ ਹਾਸ ਵਿਅੰਗ ਪੁਸਤਕਾਂ ਹਨ। ਅਖਬਾਰਾਂ ਵਿੱਚ ਉਨ੍ਹਾਂ ਦੇ ਕਾਲਮ ਸਾਲਾਂ ਦੇ ਸਾਲ ਛਪਦੇ ਰਹੇ ਜਿਨ੍ਹਾਂ ਵਿੱਚ ਅਜੀਤ ਅਖ਼ਬਾਰ ਵਿੱਚ 'ਗਰਗਬਾਣੀ' ਬਹੁਤ ਹਰਮਨ ਪਿਆਰਾ ਹੋਇਆ ਹੈ। 'ਤਾਊ ਰੰਗੀ ਰਾਮ' ਉਨ੍ਹਾਂ ਦਾ ਮਨ ਪਸੰਦ ਪਾਤਰ ਸੀ। ਆਪਣੀ ਮੌਲਿਕ ਸਿਰਜਣਾ ਤੋਂ ਇਲਾਵਾ ਉਨ੍ਹਾਂ ਨੇ ਪ੍ਰਿੰਸੀਪਲ ਘਨਈਆ ਲਾਲ ਕਪੂਰ,ਸ਼ੇਰ ਜੰਗ ਜਾਂਗਲੀ,ਪਿਆਰਾ ਸਿੰਘ ਦਾਤਾ,ਗੁਰਨਾਮ ਸਿੰਘ ਤੀਰ, ਦਲੀਪ ਸਿੰਘ ਭੂਪਾਲ ਅਤੇ ਸੂਬਾ ਸਿੰਘ ਆਦਿ ਹਾਸ-ਵਿਅੰਗ ਲੇਖਕਾਂ ਦੀਆਂ ਚੋਣਵੀਆਂ ਰਚਨਾਵਾਂ ਦੀਆਂ ਕਿਤਾਬਾਂ ਸੰਪਾਦਿਤ ਕੀਤੀਆਂ। ਉਹ ਨਵੇਂ ਲਿਖੇ ਚੋਣਵੇਂ ਹਾਸ-ਵਿਅੰਗ (ਵਾਰਤਕ/ਕਵਿਤਾ) ਨੂੰ ਵੀ ਹਰ ਸਾਲ ਸੰਪਾਦਿਤ ਕਰਦੇ ਰਹੇ। 2004 ਵਿੱਚ ਉਨ੍ਹਾਂ ਨੇ 'ਪੰਜਾਬੀ ਹਾਸ-ਵਿਅੰਗ ਅਕਾਦਮੀ,ਪੰਜਾਬ ਦੀ ਸਥਾਪਨਾ ਕੀਤੀ,ਜੋ ਤਰੱਕੀਆਂ ਕਰਦੀ ਕਰਦੀ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚ ਗਈ । ਉਹਨਾਂ ਆਖ਼ਰੀ ਦਮ ਤੱਕ ਇਸਦੀ ਪ੍ਰਧਾਨਗੀ ਕੀਤੀ। ਇਸ ਦੇ ਨਾਲ ਹੀ 'ਜਾਗੋ ਵਿਅੰਗ ਜਾਗੋ' ਸਿਰਲੇਖ ਹੇਠ ਵੱਖ-ਵੱਖ ਪਿੰਡਾਂ/ ਸ਼ਹਿਰਾਂ ਵਿੱਚ ਵਰਕਸ਼ਾਪਾਂ ਲਾਉਣੀਆਂ ਸ਼ੁਰੂ ਕੀਤੀਆਂ। ਓਦੋਂ ਤੋਂ ਹੀ ਮੋਗੇ ਵਿੱਚ ਹਰ ਸਾਲ ਹਾਸ-ਵਿਅੰਗ ਨੂੰ ਸਮਰਪਿਤ ਵਿਸ਼ਾਲ ਸਮਾਗਮ ਆਯੋਜਿਤ ਕਰਨਾ ਸ਼ੁਰੂ ਕੀਤਾ। ਇਸ ਸਮਾਗਮ ਵਿੱਚ ਹਰ ਸਾਲ ਦੋ ਹਾਸ-ਵਿਅੰਗ ਲੇਖਕਾਂ ਨੂੰ 'ਪਿਆਰਾ ਸਿੰਘ ਦਾਤਾ ਐਵਾਰਡ' ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਜਿਸ ਵਿੱਚ



ਕੇ.ਐਲ. ਗਰਗ

ਨਗਦ ਰਾਸ਼ੀ, ਸਨਮਾਨ ਪੱਤਰ ਅਤੇ ਲੋਈ ਭੇਟ ਕੀਤੀ ਜਾਂਦੀ ਹੈ। ਇਹ ਵਕਾਰੀ ਪੁਰਸਕਾਰ ਪ੍ਰਸਿੱਧ ਹਾਸ-ਵਿਅੰਗ ਲੇਖਕ ਪਿਆਰਾ ਸਿੰਘ ਦਾਤਾ ਦੇ ਦਿੱਲੀ ਵੱਸਦੇ ਪ੍ਰੀਵਾਰ ਵੱਲੋਂ ਅਕਾਦਮੀ ਦੇ ਸਹਿਯੋਗ ਨਾਲ ਦਿੱਤਾ ਜਾਦਾ ਹੈ। ਪਿਆਰਾ ਸਿੰਘ ਦਾਤਾ ਦੇ ਬੇਟੇ ਹਰ ਸਾਲ ਦਿੱਲੀ ਤੋਂ ਮੋਗੇ ਸਮਾਗਮ ਵਿੱਚ ਸ਼ਾਮਲ ਹੁੰਦੇ ਹਨ। ਇਹ ਉੱਤਮ ਕਾਰਜ ਗਰਗ ਸਾਬ੍ਹ ਦੀ ਜ਼ਿੰਦਗੀ ਦਾ ਹਾਸਲ ਹੈ।ਕੇ ਐਲ ਗਰਗ ਨੇ 'ਵਾਟਾਂ ਦੇਸ਼ੋਂ ਬਾਹਰ ਦੀਆਂ' ਅਮਰੀਕਾ,ਇੰਗਲੈਂਡ ਅਤੇ ਕੈਨੇਡਾ ਦਾ ਚਰਚਿਤ ਸਫ਼ਰਨਾਮਾ ਵੀ ਲਿਖਿਆ ਹੈ ਅਤੇ ਪੁਸਤਕ 'ਦੂਜਾ ਪਾਸਾ' ਵਿੱਚ ਅਮਰੀਕਨ ਲੋਕਾਂ ਦੇ ਰੇਖਾ-ਚਿੱਤਰ ਵੀ ਲਿਖੇ। ਗਰਗ ਸਾਬ੍ਹ ਨੇ ਅਨੁਵਾਦ ਦੇ ਖੇਤਰ ਵਿੱਚ ਵੀ ਬਾਕਮਾਲ ਕਾਰਜ ਕੀਤਾ ਹੈ। ਅੰਗਰੇਜ਼ੀ ਨਾਵਲਾਂ, ਸਰ ਜੇਮਸ ਫਰੇਜ਼ਰ ਦੇ 'ਦਾ ਗੋਲਡਨ ਬਗ' ਦਾ 'ਸੁਨਹਿਰੀ ਟਾਹਣੀ', ਲੂ ਸ਼ਨ ਦੇ 'ਟਰੂ ਸਟੋਰੀ ਆਫ ਦੀ ਆਹ ਕਿਊ' ਦਾ 'ਆਹ ਕਿਊ ਦੀ ਸੱਚੀ ਕਹਾਣੀ', ਮਾਰਕ ਟਵਿਨ ਦੇ 'ਦੀ ਵਾਰ ਪਰੇਅਰ' ਦਾ 'ਯੁੱਧ ਜਾਪ', ਰਿਚਰਡ ਰਾਈਟ ਦੇ 'ਬਲੈਕ ਬੁਆਏ' ਦਾ 'ਕਾਲਾ ਮੁੰਡਾ' ਸਿਰਲੇਖ ਹੇਠ ਅਨੁਵਾਦ ਕੀਤੇ। ਨੋਬਲ ਪੁਰਸਕਾਰ ਜੇਤੂ ਐਲੀ ਵੀਜਲ ਦੇ ਤਾਂ ਬਹੁਤ ਸਾਰੇ ਨਾਵਲ ਉਨ੍ਹਾਂ ਨੇ ਪੰਜਾਬੀ ਵਿੱਚ ਅਨੁਵਾਦ ਕੀਤੇ ਹਨ। ਅਲੈਕਸਾਂਦਰ ਕੁਪਰਨ ਦੇ 400 ਸਫ਼ੇ ਦੇ ਪ੍ਰਸਿੱਧ ਰੂਸੀ ਨਾਵਲ 'ਜਾਮਾ ਦਾ ਪਿੱਟ' ਨੂੰ 'ਯਾਮਾ ਦਾ ਚਕਲਾ' ਸਿਰਲੇਖ ਹੇਠ ਅਨੁਵਾਦ ਕੀਤਾ। 'ਯਾਮਾ ਦਾ ਚਕਲਾ' ਨੂੰ ਤਾਂ ਅਨੁਵਾਦ ਲਈ ਭਾਰਤੀ ਸਾਹਿਤ ਅਕੈਡਮੀ ਨਵੀਂ ਦਿੱਲੀ ਵੱਲੋਂ ਐਵਾਰਡ ਵੀ ਮਿਲਿਆ। ਗੋਪਾਲ ਪ੍ਰਸਾਦ ਵਿਆਸ ਦੇ ਚੋਣਵੇਂ ਹਾਸ-ਵਿਅੰਗ ਨੂੰ 2018 ਦਾ 'ਸਾਹਿਤ ਅਕੈਡਮੀ ਐਵਾਰਡ' ਵੀ ਮਿਲਿਆ ਹੈ। ਇਸ ਤੋਂ ਇਲਾਵਾ ਪੰਜਾਬੀ ਹਾਸ-ਵਿਅੰਗ ਅਕਾਦਮੀ (ਅੰਤਰਰਾਸ਼ਟਰੀ) ਵੱਲੋਂ 'ਪਿਆਰਾ ਸਿੰਘ ਦਾਤਾ ਐਵਾਰਡ', 'ਲਾਭ ਸਿੰਘ ਚਾਤ੍ਰਿਕ ਐਵਾਰਡ',ਬਲਜੀਤ ਚਕੇਰਵੀ, ਢੁੱਡੀਕੇ ਟਰੱਸਟ ਪੁਰਸਕਾਰ,ਲਾਂਬੜਾ ਸੱਥ ਪੁਰਸਕਾਰ, 'ਇਕਬਾਲ ਸਿੰਘ ਰਾਮੂੰਵਾਲੀਆ ਐਵਾਰਡ' ਅਤੇ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਐਵਾਰਡ ਵੀ ਗਰਗ ਸਾਬ੍ਹ ਦੀ ਝੋਲ਼ੀ ਪਏ। ਗਰਗ ਸਾਬ੍ਹ ਲਈ 'ਸ਼੍ਰੋਮਣੀ ਸਾਹਿਤਕਾਰ ਐਵਾਰਡ' ਵੀ ਅਨਾਊਂਸ ਹੋ ਚੁੱਕਾ ਸੀ ਪਰ ਪਏ ਰੇੜਕੇ ਕਾਰਨ ਮਿਲ ਨਹੀਂ ਸਕਿਆ।ਗਰਗ ਸਾਬ੍ਹ ਦਾ ਪੰਜਾਬੀ ਮਾਂ ਬੋਲੀ ਪ੍ਰਤੀ ਜਨੂੰਨ ਦੇਖੋ- ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਨਾਵਲਕਾਰ ਐਲੀ ਵੀਜਲ ਨੇ ਬਹੁਤ ਸਾਰੇ ਨਾਵਲ ਲਿਖੇ ਹਨ। ਅਮਰੀਕਾ ਰਹਿੰਦਿਆਂ ਕੇ ਐਲ ਗਰਗ ਨੇ ਉਨ੍ਹਾਂ ਦਾ ਬਹੁ-ਚਰਚਿਤ ਨਾਵਲ 'ਨਾਈਟ' ਪੜਿਆ। ਇਹ ਨਾਵਲ ਗਰਗ ਸਾਬ੍ਹ ਨੂੰ ਏਨਾ ਚੰਗਾ ਲੱਗਾ ਕਿ ਉਨ੍ਹਾਂ ਨੇ ਠਾਣ ਲਿਆ ਕਿ ਐਲੀ ਵੀਜ਼ਲ ਦੇ ਕੰਮ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣਾ ਹੈ। ਇਸ ਲਈ ਉਨ੍ਹਾਂ ਨੇ ਨਾਵਲ ਦੇ ਪ੍ਰਕਾਸ਼ਕ ਨਾਲ ਗੱਲ ਕੀਤੀ ਪਰ ਪ੍ਰਕਾਸ਼ਕ ਨੇ ਅਨੁਵਾਦ ਦੀ ਆਗਿਆ ਦੇਣ ਲਈ ਮੋਟੀ ਰਕਮ ਦੀ ਮੰਗ ਕੀਤੀ। ਫਿਰ ਉਨ੍ਹਾਂ ਨੇ ਕਿਵੇਂ ਨਾ ਕਿਵੇਂ ਲੇਖਕ ਤੱਕ ਪਹੁੰਚ ਕਰ ਲਈ। ਐਲੀ ਵੀਜ਼ਲ ਨੂੰ ਮਿਲ ਕੇ ਗਰਗ ਸਾਬ੍ਹ ਨੇ ਆਪਣੀ ਭਾਸ਼ਾ ਦੀ ਅਸਲ ਸਥਿਤੀ ਦੱਸੀ ਤਾਂ ਐਲੀ ਵੀਜ਼ਲ ਨੇ ਸਿਰਫ਼ ਇੱਕ ਡਾਲਰ ਲੈ ਕੇ ਅਨੁਵਾਦ ਕਰਨ ਦੇ ਹੱਕ ਦੇ ਦਿੱਤੇ। ਏਨਾ ਹੀ ਨਹੀਂ ਆਪਣਾ ਨਵਾਂ ਨਾਵਲ ਵੀ ਆਟੋਗਰਾਫ ਸਮੇਤ ਗਰਗ ਸਾਬ੍ਹ ਨੂੰ ਭੇਟ ਕੀਤਾ। ਇਸ ਤਰਾਂ ਦਾ ਜਨੂੰਨ ਸੀ ਸਰਬਾਂਗੀ ਲੇਖਕ ਗਰਗ ਜੀ ਦਾ।ਪੰਜਾਬੀ ਤੋਂ ਇਲਾਵਾ ਗਰਗ ਸਾਬ੍ਹ ਨੇ ਅੰਗਰੇਜ਼ੀ ਅਤੇ ਹਿੰਦੀ ਸਾਹਿਤ ਵੀ ਲਿਖਿਆ। ਪਰਿਧੀ ਮੇਂ ਨਾਚਤਾ ਆਦਮੀ,ਪੁਲ ਕੀ ਧਾਰਾ ਅਤੇ ਕਾਮਰੇਡ ਗਿੱਧ ਉਨ੍ਹਾਂ ਦੀਆਂ ਹਿੰਦੀ ਦੀਆਂ ਪੁਸਤਕਾਂ ਹਨ। ਉਨ੍ਹਾਂ ਦੀਆਂ ਕੁੱਲ ਪੁਸਤਕਾਂ ਦੀ ਗਿਣਤੀ ਸੌ ਤੋਂ ਉੱਪਰ ਹੈ। ਪਿਛਲੇ 20-22 ਸਾਲ ਤੋਂ ਉਹ ਹਾਸ-ਵਿਅੰਗ ਨੂੰ ਹੀ ਸਮਰਪਿਤ ਹੋ ਗਏ ਸਨ। ਦਾਸ ਨੂੰ ਵੀ ਉਨ੍ਹਾਂ ਨੇ ਹੀ ਹਾਸ-ਵਿਅੰਗ ਲਿਖਣ ਲਈ ਪ੍ਰੇਰਿਤ ਕੀਤਾ ਹੈ ਗਰਗ ਸਾਬ੍ਹ ਤੋਂ ਪਹਿਲਾਂ ਅਲੋਚਕ/ ਵਿਦਵਾਨ ਹਾਸ-ਵਿਅੰਗ ਦਾ ਨੋਟਿਸ ਨਹੀਂ ਲੈਂਦੇ ਸਨ। ਗਰਗ ਸਾਬ੍ਹ ਨੇ ਹਾਸ-ਵਿਅੰਗ ਨੂੰ ਇੱਕ ਵਿਧਾ ਦੇ ਤੌਰ ਤੇ ਸਥਾਪਿਤ ਹੋਣ ਵਿੱਚ ਪੂਰਨ ਯੋਗਦਾਨ ਪਾਇਆ। 'ਪੰਜਾਬੀ ਹਾਸ-ਵਿਅੰਗ ਅਕਾਦਮੀ' ਸਥਾਪਿਤ ਕਰਨੀ ਹਾਸ-ਵਿਅੰਗ ਪ੍ਰਤੀ ਉਨ੍ਹਾਂ ਦੇ ਜਨੂੰਨ ਨੂੰ ਦਰਸਾਉਂਦਾ ਹੈ। ਮੈਂ ਆਸਵੰਦ ਹਾਂ ਕਿ ਅਸੀਂ ਸਾਰੇ 'ਹਾਸ-ਵਿਅੰਗ ਅਕਾਦਮੀ' ਦੇ ਮੈਂਬਰ ਉਨ੍ਹਾਂ ਦੇ ਲਾਏ ਬੂਟੇ ਨੂੰ ਘਣਛਾਵਾਂ ਰੁੱਖ ਬਣਾਵਾਂਗੇ। ਗਰਗ ਸਾਬ੍ਹ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।

Calgary

Stage 4

ਪਾਣੀ ਸੰਬੰਧੀ ਪਾਬੰਦੀਆਂ

4 ਨਵੰਬਰ ਤੋਂ ਲਾਗੂ

ਸਾਡੇ ਦੁਆਰਾ ਨਵੀਂ ਪਾਈਪ ਜੋੜੇ ਜਾਣ ਸਮੇਂ ਕਿਰਪਾ ਕਰਕੇ ਪਾਣੀ ਦੀ ਬੱਚਤ ਕਰੋ।

ਘਰ ਦੇ ਬਾਹਰ ਪਾਣੀ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ

ਸਿਰਫ਼ ਲੋੜ ਪੈਣ 'ਤੇ ਹੀ ਫਲੱਸ਼ ਕਰੋ

ਡਿਸ਼ਵਾਸ਼ਰ ਅਤੇ ਲੌਂਡਰੀ ਉਦੋਂ ਹੀ ਚਲਾਓ ਜਦੋਂ ਤੁਹਾਡੇ ਕੋਲ ਪੂਰੇ ਲੋਡ ਹੋਣ

ਘੱਟ ਦੇਰ ਲਈ ਸ਼ਾਵਰ ਲਓ। 3 ਮਿੰਟਾਂ ਦਾ ਟੀਚਾ ਰੱਖੋ

calgary.ca/savewater 'ਤੇ ਹੋਰ ਜਾਣੋ।

26-0057064: CRV-48956


ਕਿਤਾਬਾਂ ਵੱਲ ਖੁੱਲਦੀ ਖਿੜਕੀ

ਚੜ੍ਹਦੇ ਪੰਜਾਬ ਦੀ ਢਾਹਾ ਪੁਰਸਕਾਰ ਜੇਤੂ ਪੁਸਤਕ

ਸਮਾਜਿਕ ਰਿਸ਼ਤਿਆਂ ਦੇ ਜਟਿਲਤਾ ਤੇ ਨਵੀਆਂ ਮਨੋ- ਸਮਾਜਿਕ ਸਮੱਸਿਆਵਾ ਨੂੰ ਸੰਬੋਧਿਤ ਕਹਾਣੀਆਂ, ਕਬਰਾਂ ਵਿੱਚ ਉੱਗੇ ਫੁੱਲ



ਨਿਰੰਜਨ ਬੋਹਾ
91 89682 82700



ਰਾਜਪ੍ਰੀਤ ਕੌਰ ਬੈਨੀਪਾਲ
ਮੁਬਾਈਲ- 89682-82700
ਪੰਨੇ -140 ਮੁੱਲ- 230 ਰੁਪਏ
ਕੈਲੀਬਰ ਪਬਲੀਕੇਸ਼ਨ , ਪਟਿਆਲਾ

ਰਾਜਪ੍ਰੀਤ ਕੌਰ ਬੈਨੀਪਾਲ ਦਾ ਪਹਿਲਾ ਕਹਾਣੀ ਸੰਗ੍ਰਹਿ 'ਖਮ੍ਹਣੀਆਂ ਵਾਲਾ ਪਿੱਪਲ' ਸੰਨ 2007 ਵਿਚ ਪ੍ਰਕਾਸ਼ਿਤ ਹੋਇਆ ਸੀ ਤੇ ਦੂਜਾ ਸੰਗ੍ਰਹਿ 'ਕਬਰਾਂ ਵਿਚ ਉੱਗੇ ਫੁੱਲ' ਸੰਨ 2025 ਵਿੱਚ ਛਪਿਆ ਹੈ ।ਅਠਾਰਾਂ ਵਰ੍ਹਿਆ ਦਾ ਇਹ ਅੰਤਰਾਲ ਸਮਾਜਿਕ ਸਭਿਆਚਾਰਕ ,ਆਰਥਿਕ ਤੇ ਰਾਜਸੀ ਵਿਵਸਥਾਵਾਂ ਨੂੰ ਨੇੜਿਓ ਵੇਖਣ ਤੇ ਉਸਦੀ ਕਥਾ ਦ੍ਰਿਸ਼ਟੀ ਦੇ ਜਲੌਅ ਵਿੱਚ ਹੋਰ ਵਾਧਾ ਕਰਨ ਵਿਚ ਉਸ ਲਈ ਮੱਦਦਗਾਰ ਸਾਬਤ ਹੋਇਆ ਹੈ । ਇਸ ਕਹਾਣੀ ਸੰਗ੍ਰਹਿ ਦੇ ਅਧਾਰ 'ਤੇ ਪੰਜਾਬੀ ਕਹਾਣੀ ਦੇ ਵਿਸ਼ਿਆਂ ਦੀ ਨਵੀਨਤਾ ਤੇ ਉਸਦੇ ਅਨੁਭਵ ਦੀ ਮੌਲਿਕਤਾ ਬਾਰੇ ਨਵੀਂ ਚਰਚਾ ਛੇੜੀ ਜਾ ਸਕਦੀ ਹੈ। ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਦੇ ਪਾਤਰ ਸਮਾਜਿਕ ਰਿਸ਼ਤਿਆਂ ਦੇ ਜਟਿਲ ਤਾਣੇ ਬਾਣੇ ਨੂੰ ਰੂਪਮਾਨ ਕਰਦੇ ਹੋਏ ਅੱਜ ਦੇ ਮਨੁੱਖ ਦੀਆਂ ਅਜਿਹੀਆਂ ਮਨੋ- ਸਮਾਜਿਕ ਸਮੱਸਿਆਵਾਂ ਦਾ ਬਿਰਤਾਂਤ ਸਿਰਜਦੇ ਹਨ ਜੋ ਪਾਠਕਾਂ ਨੂੰ ਨਵੀਆਂ ਵੀ ਲੱਗਦੀਆਂ ਹਨ ਤੇ ਯਥਾਰਥਕ ਵੀ । ਇਹਨਾਂ ਪਾਤਰਾਂ ਦੇ ਆਪਣੀ ਸਮਕਾਲੀ ਸਮਾਜਿਕ ਵਿਵਸਥਾ ਨਾਲ ਸਬੰਧ ਸਹਿਜ ਤੇ ਸੁਖਾਵੇਂ ਨਹੀਂ ਸਗੋ ਦਵੰਦਾਤਮਕ ਹਨ ਤੇ ਇਹ ਦਵੰਦ ਉਨ੍ਹਾਂ ਦੇ ਜੀਵਨ ਦੀ ਦਸ਼ਾ ਤੇ ਦਿਸ਼ਾ ਨੂੰ ਅਕਸਰ ਅਣ -ਕਿਆਸੇ ਮੋੜ ਦੇਣ ਵਿਚ ਵਿੱਚ ਸਫਲ ਹੋ ਜਾਂਦਾ ਹੈ। ਜੇ ਉਸਦੀ ਕਹਾਣੀ ਵਿਚ ਕੋਈ ਅਤੀਤ ਮੁਖੀ ਘਟਨਾ ਵੀ ਹੈ ਤਾਂ ਉਸ ਇਸਨੂੰ ਵਰਤਮਾਨ ਸਮੇ ਦੀ ਪ੍ਰਸੰਗਿਕਤਾ ਵਿਚ ਨਵੇਂ ਅਰਥ ਪ੍ਰਦਾਨ ਕੀਤੇ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਸਰਗਮ ਵਿਹੂਣੇ ਹੋਏ ਸ਼ਾਜ' ਬੇ -ਸੁਰ ਹੋਈ ਜ਼ਿੰਦਗੀ ਨੂੰ ਫਿਰ ਤੋਂ ਸੁਰ ਵਿੱਚ ਕਰਨ ਦੀ ਯਤਨਸ਼ੀਲਤਾ ਨਾਲ ਜੁੜੀ ਹੋਈ ਹੈ। ਕਹਾਣੀ ਪਾਠਕੀ ਜ਼ਿਹਨ ਵਿਚ ਇਹ ਸੁਆਲ ਪੈਦਾ ਕਰਦੀ ਹੈ ਕਿ ਹੀਣਭਾਵਨਾ ਗ੍ਰਸਤ ਬੱਚੇ ਹਰਮਨ ਅਤੇ ਉਸਦਾ ਮਜ਼ਾਕ ਉਡਾਉਣ ਵਾਲਿਆਂ ਵਿੱਚੋ ਵੱਧ ਮਨੋਰੋਗੀ ਕੌਣ ਹੈ? ਕਹਾਣੀ ਪਾਠ ਵਿੱਚੋ ਪੈਦਾ ਹੋਇਆ ਇਹ ਸਵਾਲ ਬਹੁਤ ਤਿੱਖਾ ਹੈ ਕਿ ਬਚਪਨ ਤੋਂ ਹੀ ਸਰੀਰਕ ਕੰਮਜੋਰੀ ਦਾ ਸ਼ਿਕਾਰ ਰਹੇ ਹਰਮਨ ਦਾ 'ਹੱਡੀ' ਕਹਿ ਕੇ ਮਜ਼ਾਕ ਉਡਾਉਣ ਵਾਲੇ ਸਮਾਜਿਕ ਚੁਗਿਰਦੇ ਦੇ ਲੋਕਾਂ ਨੂੰ ਕਸੂਰਵਾਰ ਕਿਉਂ ਨਾ ਰਹਿਰਾਇਆ ਜਾਵੇ ? ਕਹਾਣੀ ਦਾ ਪਾਠ ਕਰਦਿਆਂ ਇਸ ਮਾਮਲੇ ਵਿਚ ਉਸਦੇ ਮਾਪੇ ਵੀ ਕਸੂਰਵਾਰ ਸਾਬਤ ਹੁੰਦੇ ਹਨ ,ਜਿਹੜੇ ਉਸਨੂੰ ਜਬਰਦਸਤੀ ਉਸ ਖੇਡ ਮੈਦਾਨ ਵਿਚ ਖੇਡਣ ਲਈ ਭੇਜਦੇ ਹਨ, ਜਿੱਥੇ ਸਿਰਫ਼ ਉਸਦਾ ਮਜ਼ਾਕ ਹੀ ਉਡਾਇਆ ਜਾਂਦਾ ਹੈ। ਮਾਪੇ ਉਸਦੀ ਮਨੋਦਸ਼ਾ ਦਾ ਅਧਿਐਨ ਕੀਤੇ ਬਿਨਾਂ ਉਸ 'ਤੇ ਪੜ੍ਹਾਈ ਦਾ ਬੋਝ ਪਾਉਣ ਦੇ ਸਬੰਧ ਵੀ ਦੋਸ਼ੀ ਹੀ ਸਾਬਤ ਹੁੰਦੇ ਹਨ। ਜਦੋਂ ਕਹਾਣੀ ਉਸ ਨਾਲ ਹਮਦਰਦੀ ਰੱਖਣ ਤੇ ਕੁਦਰਤ ਨਾਲ ਜੋੜਣ ਵਾਲੇ ਦਾਦੇ ਨੂੰ ਉਸਦੇ ਮਾਪਿਆਂ ਤੇ ਇਲਾਜ਼ ਕਰ ਰਹੇ ਡਾਕਟਰ ਨਾਲੋਂ ਵੱਧ ਅਹਿਮੀਅਤ ਦਿੰਦੀ ਹੈ ਤਾਂ ਇਸ ਮਾਨਵੀ ਦਿਸ਼ਾ ਵਿੱਚ ਹੀ ਉਸਦੇ ਮਨੋਵਿਗਿਆਨਕ ਇਲਾਜ਼ ਦੀਆਂ ਜੁਗਤਾਂ ਛੁਪੀਆਂ ਹਨ।

ਕਹਾਣੀ 'ਕਬਰਾਂ ਵਿਚੋ ਉੱਗੇ ਫੁੱਲ' ਦੇ ਸਿਰਲੇਖ ਵਿਚ ਮਨੁੱਖ ਦੀ ਸੰਘਰਸ਼ੀ ਸਮਰੱਥਾ ਦਾ ਸਨਮਾਨ ਵੀ ਸ਼ਾਮਿਲ ਹੈ । ਇਜ਼ਰਾਈਲ ਦੀਆਂ ਸਾਮਰਾਜੀ ਨੀਤੀਆਂ ਭਾਵੇਂ ਫਲਸਤੀਨ ਮੁਲਕ ਦੀ ਗਾਜ਼ਾ ਪੱਟੀ ਨੂੰ ਕਬਰਸਤਾਨ ਵਿਚ ਬਦਲ ਦਿੰਦੀਆਂ ਹਨ , ਫਿਰ ਵੀ ਕਬਰਾਂ ਵਿੱਚੋਂ ਜ਼ਿੰਦਗੀ ਦੇ ਫੁੱਲ ਉੱਗ ਹੀ ਪੈਂਦੇ ਹਨ। ਕਹਾਣੀ ਅਨੁਸਾਰ ਬਰੈਂਡ ਤੇ ਦੁੱਧ ਦਾ ਵੰਡਣ ਦਾ ਲਾਰਾ ਲਾਉਣ ਵਾਲੇ ਫੌਜੀ ਰੇਸ਼ਮਾਂ ਵਰਗੀਆਂ ਮਾਸੂਮ ਬਾਲੜੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਕੇ ਹੈਵਾਨ ਤਾਂ ਬਣ ਸਕਦੇ ਹਨ ਪਰ ਉਨ੍ਹਾਂ ਅੰਦਰਲੀ ਹੋਰ ਜਿਉਣ ਦੀ ਸੰਘਰਸ਼ੀ ਲਾਲਸਾ ਨੂੰ ਖਤਮ ਨਹੀਂ ਕਰ ਸਕਦੇ। ਜੇ ਫੌਜੀਆ ਵੱਲੋਂ ਲਤਾੜੀ ਬਾਲੜੀ ਏਨਾਂ ਜ਼ੁਲਮ ਸਹਿ ਕੇ ਵੀ ਆਖਦੀ ਹੈ, ਅੰਕਲ ਬਰੈਂਡ ਤਾਂ ਉਸਦੇ ਇਹ ਦੋ ਸ਼ਬਦ ਹੀ ਮਨੁੱਖ ਦੇ ਜਿਉਂਦੇ ਰਹਿਣ ਦੀ ਲਾਲਸਾ ਦੀ ਇੰਤਹਾ ਨੂੰ ਉਭਾਰ ਜਾਂਦੇ ਹਨ।

ਕਹਾਣੀ 'ਸੱਚੀ ਫੁੱਲਕਾਰੀ' ਦਾ ਸਿਰਲੇਖ ਸਿਰਫ ਰੀਝਾਂ ਨਾਲ ਕੱਢੇ ਕਪੜੇ ਦਾ ਹੀ ਪ੍ਰਤੀਕ ਨਹੀਂ ਬਣਦਾ ਸਗੋਂ ਰਿਸ਼ਤਿਆਂ ਦੀ ਗੁੰਮਦੀ ਜਾ ਰਹੀ ਉੱਚਤਾ ਤੇ ਸੁੱਚਤਾ ਦੀ ਤਰਜ਼ਮਾਨੀ ਵੀ ਕਰਦਾ ਹੈ। ਇਸ ਇੱਕ ਕਹਾਣੀ ਵਿਚ ਅਸਾਂਵੇਂ ਅਰਥਚਾਰੇ ਵੱਲੋਂ ਮਾਪਿਆਂ ਤੇ ਔਲਾਦ ਵਿਚ ਪੈਦਾ ਕੀਤੀਆਂ ਦੂਰੀਆਂ ਦੀਆਂ ਦੋ ਕਹਾਣੀਆਂ ਸਮਾਂਤਰ ਤੁਰਦੀਆਂ ਹਨ। ਤੀਜਾ ਦਰਜ਼ਾ ਨੌਕਰੀ ਕਰਨ ਕਰਨ ਵਾਲੇ ਮੱਧਵਰਗੀ ਮੁਲਾਜ਼ਮ ਨੂੰ ਗਿਲਾ ਹੈ ਕਿ ਉਸਦੇ ਮਾਪਿਆਂ ਨੇ ਉਸਨੂੰ ਸ਼ਹਿਰ ਵਿਚ ਮਕਾਨ ਉਸਾਰਣ ਲਈ ਪਲਾਟ ਤਾਂ ਲੈ ਦਿੱਤਾ ਹੈ ਪਰ ਮਕਾਨ ਦੀ ਉਸਾਰੀ ਵਿੱਚ ਕੋਈ ਮੱਦਦ ਨਹੀਂ ਕੀਤੀ। ਮਾਪਿਆਂ ਦੀਆਂ ਆਰਥਿਕ ਹੈਸੀਅਤ ਨੂੰ ਨਜ਼ਰਅਦਾਜ਼ ਕਰਕੇ ਉਹ ਉਹਨਾਂ ਨਾਲ ਆਪ ਹੀ ਦੂਰੀ ਸਿਰਜ ਲੈਂਦਾ ਹੈ । ਕਹਾਣੀ ਦੇ ਅਗਲੇ ਮੋੜ 'ਤੇ ਉਸਦਾ ਵਾਹ ਰੇਲਵੇ ਪੁੱਲ ਪਾਰ ਕਰਨ ਲਈ ਸਹਾਇਤਾ ਮੰਗ ਰਹੀ ਇੱਕ ਬਜ਼ੁਰਗ ਔਰਤ ਨਾਲ ਪੈਂਦਾ ਹੈ, ਜਿਸ ਦੀ ਧੀ ਦੀ ਇੱਜ਼ਤ ਲੁੱਟਣ ਵਾਲੇ ਹੈਵਾਨਾਂ ਵੱਲੋਂ ਉਸਨੂੰ ਜਬਰੀ ਦਿੱਲੀ ਭੇਜ ਕੇ ਦਿੱਤਾ ਗਿਆ ਹੈ। ਦਰਦ ਦੀ ਇਹ ਸਾਂਝ ਉਸਨੂੰ ਉਸ ਬਜ਼ੁਰਗ ਔਰਤ ਵਿੱਚੋਂ ਆਪਣੀ ਮਾਂ ਦੀ ਸ਼ਕਲ ਵੇਖਣ ਲਾਉਂਦੀ ਹੈ ਤਾਂ ਉਸਦੇ ਪੈਰ ਆਪਣੇ ਆਪ ਆਪਣੀ ਮਾਂ ਦੇ ਦਰ ਵੱਲ ਮੁੜ ਜਾਂਦੇ ਹਨ। ਰਿਸ਼ਤਿਆਂ ਦੇ ਟੁੱਟਣ ਤੇ ਤਿੜਕਣ ਨੂੰ ਰੂਪਮਾਨ ਕਰਨ ਵਾਲੀਆਂ ਕਹਾਣੀਆਂ ਦੀ ਤਾਂ ਪੰਜਾਬੀ ਸਾਹਿਤ ਵਿਚ ਬਹੁਤਾਤ ਹੈ ਪਰ ਟੁੱਟੇ ਰਿਸ਼ਤਿਆਂ ਨੂੰ ਜੋੜਣ ਵਾਲੀਆਂ ਇਸ ਤਰ੍ਹਾਂ ਦੀਆਂ ਕਹਾਣੀਆਂ ਅਜੇ ਘੱਟ ਗਿਣਤੀ ਵਿੱਚ ਹੀ ਹਨ।

ਕਹਾਣੀ 'ਚੀਕਣੀ ਮਿੱਟੀ ਦਾ ਰਿਸ਼ਤਾ' ਸਮਾਜਿਕ ਰਿਸ਼ਤਿਆਂ ਨੂੰ ਚੀਕਣੀ ਮਿੱਟੀ ਦੀ ਤਸੀਰ ਨਾਲ ਤੁਲਨਾਉਂਦੀ ਹੈ ਤਾਂ ਵਧੇਰੇ ਰਿਸ਼ਤੇ ਚੀਕਣੀ ਮਿੱਟੀ ਵਾਂਗ ਹੀ ਤਿਲਕਵੇਂ ਸਾਬਤ ਹੁੰਦੇ ਹਨ। ਜਦੋਂ ਕਹਾਣੀ ਦੀ ਬਾਲ ਪਾਤਰ ਰਾਣੀ ਨੂੰ ਆਪਣੀ ਮਾਂ ਦੀ ਮੌਤ ਤੋਂ ਬਾਅਦ ਆਪਣੇ ਛੋਟੇ ਭੈਣ ਤੇ ਭਰਾ ਨੂੰ ਪਾਲਣ ਦੀ ਜ਼ਿੰਮੇਵਾਰੀ ਸੰਭਾਲਣੀ ਪੈਂਦੀ ਹੈ ਤਾਂ ਉਸਨੂੰ ਰਿਸ਼ਤਿਆਂ ਦੀ ਵਿਗੜੀ ਦਿਸ਼ਾ ਬਾਰੇ ਵੀ ਨਵੇਂ ਅਹਿਸਾਸ ਵੀ ਹੋਣ ਲੱਗਦੇ ਹਨ । ਪਹਿਲਾਂ ਨੰਬਰਦਾਰਾਂ ਦਾ ਪਰਿਵਾਰ ਬਚੀ ਖੁਚੀ ਰੋਟੀ ਦੇ ਕੇ ਉਸ ਤੋਂ ਸਾਰਾ ਦਿਨ ਘਰ ਦਾ ਕੰਮ ਕਰਵਾਉਂਦਾ ਹੈ ਤੇ ਫਿਰ ਉਸਦੀ ਤਾਈ ਵੀ ਰਿਸ਼ਤੇ ਦੀ ਆੜ ਵਿੱਚ ਉਸਨੂੰ ਘਰੇਲੂ ਨੌਕਰ ਬਣਾ ਕੇ ਰੱਖਣ ਦੀ ਕੋਸ਼ਿਸ਼ ਹੀ ਕਰਦੀ ਹੈ। ਜਦੋਂ ਤਾਈ ਆਪਣੀ ਧੋਤੀ ਨੂੰ ਖੇਡਣ ਦਾ ਕੰਮ ਉਸਦੀ ਚਾਚੇ ਦੀ ਧੀ ਸੱਬੋ ਨੂੰ ਸੌਂਪ ਕੇ ਉਸਨੂੰ ਘਰ ਦੇ ਕੰਮਾਂ 'ਤੇ ਲਾਉਂਦੀ ਹੈ ਤਾਂ ਉਹ ਸੱਬੋ ਨਾਲ ਵੀ ਪੇਸ਼ਾਵਰ ਈਰਖਾ ਰੱਖਣ ਲੱਗ ਪੈਂਦੀ ਹੈ। ਉਸ ਅੰਦਰਲੀਆਂ ਸੰਘਰਸ਼ੀ ਬਿਰਤੀਆਂ ਦੀ ਜਿੱਤ ਉਸ ਵੇਲੇ ਹੁੰਦੀ ਹੈ ਜਦੋਂ ਤਾਈ ਦੀ ਧੋਤੀ ਗੁੜੀਆ ਖੇਡ ਸਾਥੀ ਵਜੋਂ ਸੱਬੋ ਦੀ ਬਜਾਏ ਉਸਦੀ ਚੋਣ ਕਰਦੀ ਹੈ। ਉਸ ਦੇ ਇਹਨਾਂ ਸ਼ਬਦਾ ਵੇਖ ਗੁੜੀਆ ! ਮੈਂ ਤੇਰੇ ਲਈ ਕਿੰਨੀ ਸਾਰੀ ਚੀਕਣੀ ਮਿੱਟੀ ਲਿਆਂਦੀ ਵਿੱਚ ਰਿਸ਼ਤਿਆਂ ਨੂੰ ਚੀਕਣੀ ਮਿੱਟੀ ਦੇ ਖਿਡੌਣੇ ਵਾਂਗ ਨਵਾਂ ਰੂਪ ਕੇ ਆਪਣੇ ਪੱਖ ਵਿਚ ਕਰਨ ਦਾ ਮਨੋਵਿਗਿਆਨ ਵੀ ਛੁੱਪਿਆ ਹੈ।

ਕਹਾਣੀ 'ਫੁੱਟਪਾਥ ਦੇ ਬਸਿੰਦੇ' ਪੰਜਾਬ ਵਿਚ ਰੁਜ਼ਗਾਰ ਲਈ ਆਉਣ ਵਾਲੇ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਨੌਜਵਾਨਾਂ ਅਤੇ ਪੰਜਾਬ ਤੋਂ ਰੁਜ਼ਗਾਰ ਲਈ ਵਿਦੇਸ਼ ਜਾਣ ਵਾਲੇ ਪੰਜਾਬੀ ਨੌਜਵਾਨਾਂ ਦੀਆਂ ਮਾਵਾ ਦੇ ਦਰਦ ਨੂੰ ਨਿਰੋਲ ਮਾਨਵਤਾਵਾਦੀ ਨਜ਼ਰ ਤੋਂ ਵੇਖਦੀ ਹੈ । ਜੇ ਰੁਜ਼ਗਾਰ ਲਈ ਵਿਦੇਸ਼ ਗਿਆ ਪੁੱਤਰ ਚੰਨਪ੍ਰੀਤ ਉੱਥੇ ਦੇ ਫੁੱਟਪਾਥਾਂ 'ਤੇ ਰੁਲ ਰਿਹਾ ਨਾ ਹੁੰਦਾ ਤਾਂ ਉਸਦੀ ਮਾਂ ਵੀ ਉੱਤਰਪ੍ਰਦੇਸ਼ ਦੇ ਨੌਜਵਾਨ ਮਜਦੂਰ ਗੋਲੂ ਵਿੱਚੋਂ ਆਪਣੇ ਪੁੱਤਰ ਦੀ ਸ਼ਕਲ ਨਹੀਂ ਸੀ ਵੇਖ ਸਕਦੀ ।ਇਹ ਕਹਾਣੀ ਦੂਜੇ ਸੂਬਿਆਂ ਤੋਂ ਰੁਜ਼ਗਾਰ ਲਈ ਪੰਜਾਬ ਆਉਣ ਵਾਲੇ ਮਜਦੂਰਾਂ ਨੂੰ ਨਫ਼ਰਤ ਦੀ ਨਜ਼ਰ ਦਾ ਪ੍ਰਤੀਉੱਤਰ ਮਾਨਵੀ ਦ੍ਰਿਸ਼ਟੀ ਵਾਲੀ ਨਜ਼ਰ ਨਾਲ ਦਿੰਦੀ ਹੈ ਤਾਂ ਪੰਜਾਬੀ ਵਿਚਲੀ ਭਾਈਚਾਰਕ ਸਾਂਝ ਦੀ ਭਾਵਨਾ ਹੋਰ ਮਜਬੂਤ ਹੁੰਦੀ ਹੈ।

ਕਹਾਣੀ 'ਸੋਨੇ ਦੀਆ ਬੇੜੀਆਂ' ਇਸ ਭਰਮ ਨੂੰ ਬੇ-ਕਿਰਕੀ ਨਾਲ ਤੋੜਦੀ ਹੈ ਕਿ ਪੈਸਾ ਤੇ ਪਦਾਰਥਕ ਸਹੂਲਤਾਂ ਮਨੁੱਖੀ ਸੁੱਖ ਦੇ ਸਭ ਤੋਂ ਅਹਿਮ ਸਾਧਨ ਹਨ। ਕਹਾਣੀ ਅਨੁਸਾਰ ਇਹ ਮਨੁੱਖੀ ਜੀਵਨ ਦੀ ਲੋੜ ਤਾਂ ਹਨ ਪਰ ਇਹਨਾਂ ਦੀ ਬਹੁਤਾਤ ਜ਼ਿੰਦਗੀ ਕੋਲੋਂ ਸਦੀਵੀ ਸੁੱਖ ਤੇ ਕੁਦਰਤੀ ਅਜ਼ਾਦੀ ਦੇ ਅਹਿਸਾਸ ਖੋਹ ਲੈਂਦੀ ਹੈ। ਕਹਾਣੀ ਦੀ ਪਾਤਰ ਗੋਲਡੀ ਭਾਵੇਂ ਮੱਧ ਵਰਗੀ ਮਾਪਿਆਂ ਦੀ ਧੀ ਹੈ ਪਰ ਜਦੋਂ ਤੱਕ ਉਹ ਗਿੱਧੇ ਦੀ ਰਾਣੀ ਬਣੀ ਰਹਿੰਦੀ ਹੈ ਤੇ ਆਪਣੀ ਜ਼ਿੰਦਗੀ ਨੂੰ ਕੁਦਰਤੀ ਮੌਜ ਮਸਤੀ ਅਨੁਸਾਰ ਜਿਉਂਦੀ ਹੈ, ਉਦੋਂ ਤੱਕ ਉਸ ਨੂੰ ਮਾਨਸਿਕ ਸੁੱਖ ਵੀ ਅਸੀਮ ਰੂਪ ਵਿਚ ਮਿਲਦਾ ਹੈ। ਜਦੋਂ ਉਹ ਰਾਜਨ ਅਗਰਵਾਲ ਨਾਲ ਵਿਆਹ ਕਰਵਾ ਕੇ ਅਮੀਰ ਘਰਾਨੇ ਦੀ ਬਹੂ ਬਣ ਜਾਂਦੀ ਹੈ ਤਾਂ ਉਸਨੂੰ ਹਰ ਵਕਤ ਅਮੀਰੀ ਦਾ ਵਿਖਾਵਾ ਹੀ ਕਰਨਾ ਪੈਂਦਾ ਹੈ। ਜਦੋਂ ਉਸਦੇ ਸਹੁਰੇ ਪਰਿਵਾਰ ਵੱਲੋਂ ਉਸ ਦੇ ਸੁਭਾਵਿਕ ਹਾਸਾ ਹੱਸਣ ਤੇ ਆਂਢ ਗੁਆਂਢ ਨਾਲ ਮਿਲਣ 'ਤੇ ਵੀ ਇਤਰਾਜ਼ ਕੀਤਾ ਜਾਂਦਾ ਹੈ ਤਾਂ ਉਸਨੂੰ ਲੱਗਦਾ ਹੈ ਕਿ ਉਹ ਕਿਸੇ ਸੋਨੇ ਦੇ ਪਿੰਜਰੇ ਦੀ ਕੈਦੀ ਬਣ ਗਈ ਹੈ । ਇਸ ਕੈਦ ਵਿਚੋਂ ਬਾਹਰ ਆਉਣ ਦੀ ਕੋਸ਼ਿਸ਼ ਕਰਦਿਆਂ ਭਾਵੇਂ ਉਹ ਸਹੁਰੇ ਘਰ ਦੀ ਅਮੀਰ ਮਰਿਆਦਾ ਦਾ ਵੀ ਧਿਆਨ ਰੱਖਦੀ ਹੈ ਪਰ ਫਿਰ ਵੀ ਉਹ ਵਿਦੇਸ਼ ਗਈ ਧੀ ਨੂੰ ਮਿਲਣ ਜਾਣ ਦੇ ਬਹਾਨੇ ਆਪਣੇ ਲਈ ਰੂਹਾਨੀ ਖੁਸ਼ੀ ਤੇ ਅਜ਼ਾਦੀ ਦੇ ਕੁਝ ਪਲ ਤਲਾਸ਼ ਹੀ ਲੈਂਦੀ ਹੈ। ਏਅਰਪੋਰਟ ਦੇ ਬਾਥਰੂਮ ਵਿੱਚ ਗਹਿਣਿਆਂ ਨੂੰ ਸਾੜੀ ਵਿਚ ਲਪੇਟ ਕੇ ਉੱਥੇ ਦੀ ਛੱਡ ਜਾਣ ਦੀ ਘਟਨਾ ਭਾਵੇ ਸੁਭਾਵਿਕਤਾ ਦੇ ਦਾਇਰੇ ਵਿਚ ਨਹੀ ਆਉਂਦੀ ਪਰ ਇਹ ਮਾਨਸਿਕ ਸੁੱਖ ਦੇ ਹਕੀਕੀ ਅਰਥਾਂ ਨੂੰ ਰੂਪਮਾਨ ਕਰਨ ਵਾਲੀ ਜ਼ਰੂਰ ਸਾਬਤ ਹੁੰਦੀ ਹੈ।

ਕਹਾਣੀ 'ਬਿਖੜੇ ਪੈਂਡਿਆਂ ਦਾ ਨਾਚ' ਦਾ ਸਿਰਲੇਖ ਬਿਖੜੇ ਪੈਂਡਿਆਂ ਤੇ ਨਾਚ ਦੇ ਸੁਮੇਲ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਤਾਂ ਇਹਨਾਂ ਪੈਂਡਿਆਂ 'ਤ

ਬੀ.ਸੀ. ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਦੀ 93 ਵਿੱਚੋਂ 64 ਸੀਟਾਂ 'ਤੇ ਇਤਿਹਾਸਕ ਜਿੱਤ; ਪੰਜਾਬੀ ਮੂਲ ਦੇ 16 ਉਮੀਦਵਾਰ ਵਿਧਾਇਕ ਬਣੇ

ਸਰੀ ਦੇ ਸਾਰੇ 10 ਹਲਕਿਆਂ ਵਿੱਚ ਕੰਜ਼ਰਵੇਟਿਵਾਂ ਦੀ ਸ਼ਾਨਦਾਰ ਜਿੱਤ



ਸਰੀ, (ਹਰਦਮ ਮਾਨ) – ਬ੍ਰਿਟਿਸ਼ ਕੋਲੰਬੀਆ ਦੀ 24 ਅਕਤੂਬਰ ਨੂੰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਨੇ ਵੱਡੀ ਜਿੱਤ ਦਰਜ ਕਰਦਿਆਂ ਸੂਬੇ ਦੀ ਸਿਆਸਤ ਵਿੱਚ ਨਵਾਂ ਅਧਿਆਇ ਸ਼ੁਰੂ ਕਰ ਦਿੱਤਾ ਹੈ। ਮੁੱਢਲੇ ਚੋਣ ਨਤੀਜਿਆਂ ਅਨੁਸਾਰ ਪਾਰਟੀ ਨੇ 93 ਮੈਂਬਰੀ ਵਿਧਾਨ ਸਭਾ ਵਿੱਚ 64 ਸੀਟਾਂ ਜਿੱਤੀਆਂ ਹਨ, ਜਦਕਿ ਸੱਤਾਧਾਰੀ ਨਿਊ ਡੈਮੋਕ੍ਰੈਟਿਕ ਪਾਰਟੀ (ਐਨ.ਡੀ.ਪੀ.) ਨੂੰ 27 ਅਤੇ ਗ੍ਰੀਨ ਪਾਰਟੀ ਨੂੰ ਦੋ ਸੀਟਾਂ ਮਿਲੀਆਂ ਹਨ। ਇਸ ਨਤੀਜੇ ਨਾਲਸੂਬੇ ਵਿੱਚ ਸਰਕਾਰ ਬਦਲਣੀ ਤੈਅ ਹੋ ਗਈ ਹੈ।

ਇਨ੍ਹਾਂ ਚੋਣਾਂ ਦਾ ਇੱਕ ਹੋਰ ਮਹੱਤਵਪੂਰਨ ਪੱਖ ਪੰਜਾਬੀ ਮੂਲ ਦੇ ਉਮੀਦਵਾਰਾਂ ਦੀ ਸਫ਼ਲਤਾ ਹੈ। ਕੁੱਲ 16 ਪੰਜਾਬੀ ਮੂਲ ਦੇ ਉਮੀਦਵਾਰ ਵਿਧਾਇਕ ਚੁਣੇ ਗਏ ਹਨ। ਇਨ੍ਹਾਂ ਵਿੱਚ 12 ਕੰਜ਼ਰਵੇਟਿਵ ਪਾਰਟੀ ਅਤੇ ਚਾਰ ਐਨ.ਡੀ.ਪੀ. ਨਾਲ ਸਬੰਧਤ ਹਨ। ਇਹ ਨਤੀਜਾ ਸੂਬੇ ਦੀ ਰਾਜਨੀਤੀ ਵਿੱਚ ਪੰਜਾਬੀ ਭਾਈਚਾਰੇ ਦੀ ਵਧਦੀ ਭੂਮਿਕਾ ਅਤੇ ਚੋਣ ਮੈਦਾਨ ਵਿੱਚ ਉਸ ਦੀ ਮਜ਼ਬੂਤ ਹਾਜ਼ਰੀ ਨੂੰ ਦਰਸਾਉਂਦਾ ਹੈ।

ਕੰਜ਼ਰਵੇਟਿਵ ਪਾਰਟੀ ਵੱਲੋਂ ਜਿੱਤਣ ਵਾਲੇ ਪੰਜਾਬੀ ਮੂਲ ਦੇ ਉਮੀਦਵਾਰਾਂ ਵਿੱਚ ਮਨਦੀਪ ਸਿੰਘ ਧਾਲੀਵਾਲ (ਸਰੀ-ਨਾਰਥ), ਹਰਜ ਧਾਲੀਵਾਲ (ਸਰੀ-ਨਿਊਟਨ), ਜੈਸੀ ਸਹੋਤਾ (ਸਰੀ-ਸਰਪੈਂਟਾਈਨ ਰਿਵਰ), ਗੈਰੀ ਬਿੰਦ (ਸਰੀ-ਗਿਲਡਫੋਰਡ), ਜ਼ੀਸ਼ਾਨ ਵਾਹਲਾ (ਸਰੀ ਸਿਟੀ ਸੈਂਟਰ), ਗੈਰੀ ਪੁਰੇਵਾਲ (ਸਰੀ-ਫਲੀਟਵੁੱਡ), ਹਰਮਨ ਭੰਗੂ (ਲੈਂਗਲੀ-ਐਬਟਸਫੋਰਡ), ਜੋਡੀ ਤੂਰ (ਲੈਂਗਲੀ-ਵਿਲੋਬਰੁੱਕ), ਸਟੀਵ ਕੂਨਰ (ਰਿਚਮੰਡ-ਕੁਈਨਜ਼ਬਰੋ), ਮੋਨਿਕਾ ਮੋਹਨ (ਡੈਲਟਾ ਨਾਰਥ), ਪਵਨੀਤ ਸਿੰਘ (ਕੇਲੋਨਾ-ਲੇਕ ਕੰਟਰੀ-ਕੋਲਡਸਟ੍ਰੀਮ) ਅਤੇ ਦੀਪ ਸੰਧੂ (ਵੈਨਕੂਵਰ-ਫਰੇਜ਼ਰਵਿਊ) ਸ਼ਾਮਲ ਹਨ।

ਐਨ.ਡੀ.ਪੀ. ਵੱਲੋਂ ਚਾਰ ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਵਿੱਚ ਰਾਜ ਚੌਹਾਨ (ਬਰਨਬੀ-ਨਿਊ ਵੈਸਟਮਿੰਸਟਰ), ਨਿੰਕੀ ਸ਼ਰਮਾ (ਵੈਨਕੂਵਰ-ਹੇਸਟਿੰਗਜ਼), ਰੋਹਿਨੀ 'ਰੀਆ' ਅਰੋੜਾ (ਬਰਨਬੀ ਈਸਟ) ਅਤੇ ਰਵੀ ਪਰਮਾਰ (ਲੈਂਗਫੋਰਡ-ਹਾਈਲੈਂਡਜ਼) ਸ਼ਾਮਲ ਹਨ। ਚੋਣਾਂ ਵਿੱਚ ਸਰੀ ਦਾ ਨਤੀਜਾ ਖ਼ਾਸ ਤੌਰ 'ਤੇ ਧਿਆਨ ਖਿੱਚਣ ਵਾਲਾ ਰਿਹਾ। ਸ਼ਹਿਰ ਦੇ ਸਾਰੇ 10 ਵਿਧਾਨ ਸਭਾ ਹਲਕਿਆਂ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜੇਤੂ ਰਹੇ। ਇਸ ਨਾਲ ਐਨ.ਡੀ.ਪੀ. ਨੂੰ ਸਰੀ ਵਿੱਚ ਵੱਡਾ ਸਿਆਸੀ ਝਟਕਾ ਲੱਗਾ, ਕਿਉਂਕਿ ਸ਼ਹਿਰ ਦੇ ਕਈ ਹਲਕਿਆਂ ਵਿੱਚ ਪਹਿਲਾਂ ਇਸ ਪਾਰਟੀ ਦਾ ਪ੍ਰਭਾਵ ਸੀ। ਸਰੀ-ਨਾਰਥ ਤੋਂ ਮਨਦੀਪ ਸਿੰਘ ਧਾਲੀਵਾਲ ਦੀ ਜਿੱਤ ਵੀ ਮਹੱਤਵਪੂਰਨ ਰਹੀ। ਉਨ੍ਹਾਂ ਨੇ ਇਸ ਹਲਕੇ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਨੁਮਾਇੰਦਗੀ ਕਰਦਿਆਂ ਆਪਣੀ ਸੀਟ ਬਰਕਰਾਰ ਰੱਖੀ। ਸਰੀ-ਨਿਊਟਨ, ਸਰੀ-ਗਿਲਡਫੋਰਡ, ਸਰੀ-ਸਿਟੀ ਸੈਂਟਰ ਅਤੇ ਸਰੀ-ਫਲੀਟਵੁੱਡ ਸਮੇਤ ਕਈ ਹਲਕਿਆਂ ਵਿੱਚ ਵੀ ਕੰਜ਼ਰਵੇਟਿਵ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ। ਸਰੀ ਵਿੱਚ ਇਸ ਤਰ੍ਹਾਂ ਦਾ ਨਤੀਜਾ ਦਰਸਾਉਂਦਾ ਹੈ ਕਿ ਵੋਟਰਾਂ ਨੇ ਇਸ ਵਾਰ ਆਪਣਾ ਫ਼ੈਸਲਾ ਵੱਡੇ ਪੱਧਰ 'ਤੇ ਬਦਲਿਆ। ਸਥਾਨਕ ਮੁੱਦਿਆਂ, ਸਰਕਾਰ ਦੀ ਕਾਰਗੁਜ਼ਾਰੀ ਅਤੇ ਸਿਆਸੀ ਤਬਦੀਲੀ ਦੀ ਮੰਗ ਨੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਹੋ ਸਕਦਾ ਹੈ।ਇਨ੍ਹਾਂ ਚੋਣਾਂ ਵਿੱਚ ਐਨ.ਡੀ.ਪੀ. ਨੂੰ ਸੱਤਾ ਤੋਂ ਬਾਹਰ ਹੋਣ ਦਾ ਸਾਹਮਣਾ ਕਰਨਾ ਪਿਆ। ਪਾਰਟੀ ਆਗੂ ਡੇਵਿਡ ਇਬੀ ਨੇ ਚੋਣ ਨਤੀਜਿਆਂ ਤੋਂ ਬਾਅਦ ਪਾਰਟੀ ਦੀ ਅਗਵਾਈ ਛੱਡਣ ਦਾ ਐਲਾਨ ਕੀਤਾ। ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਨੇ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਫ਼ੈਸਲਾ ਕੀਤਾ ਸੀ, ਪਰ ਨਤੀਜਿਆਂ ਨੇ ਇਸ ਰਣਨੀਤੀ ਨੂੰ ਵੱਡਾ ਝਟਕਾ ਦਿੱਤਾ।ਕੰਜ਼ਰਵੇਟਿਵ ਪਾਰਟੀ ਦੀ ਜਿੱਤ ਨੂੰ ਸੂਬੇ ਦੀ ਸਿਆਸਤ ਵਿੱਚ ਵੱਡੇ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ। ਪਾਰਟੀ ਨੇ 64 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਹਾਸਲ ਕੀਤਾ ਹੈ, ਜਦਕਿ ਐਨ.ਡੀ.ਪੀ. 27 ਸੀਟਾਂ ਤੱਕ ਸੀਮਤ ਰਹਿ ਗਈ ਹੈ। ਗ੍ਰੀਨ ਪਾਰਟੀ ਨੂੰ ਦੋ ਸੀਟਾਂ ਮਿਲੀਆਂ ਹਨ।ਪੰਜਾਬੀ ਮੂਲ ਦੇ 16 ਉਮੀਦਵਾਰਾਂ ਦੀ ਜਿੱਤ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਨ੍ਹਾਂ ਵਿੱਚ ਤਜਰਬੇਕਾਰ ਸਿਆਸਤਦਾਨਾਂ ਦੇ ਨਾਲ-ਨਾਲ ਪਹਿਲੀ ਵਾਰ ਵਿਧਾਨ ਸਭਾ ਵਿੱਚ ਪਹੁੰਚਣ ਵਾਲੇ ਨੁਮਾਇੰਦੇ ਵੀ ਸ਼ਾਮਲ ਹਨ। ਇਨ੍ਹਾਂ ਦੀ ਜਿੱਤ ਨਾਲ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਹੋਰ ਮਜ਼ਬੂਤ ਹੋਈ ਹੈ।ਭਾਈਚਾਰੇ ਨੂੰ ਉਮੀਦ ਹੈ ਕਿ ਨਵੇਂ ਚੁਣੇ ਗਏ ਵਿਧਾਇਕ ਸਿਹਤ ਸੇਵਾਵਾਂ, ਰਿਹਾਇਸ਼, ਸਿੱਖਿਆ, ਰੁਜ਼ਗਾਰ, ਆਵਾਜਾਈ ਅਤੇ ਜੀਵਨ-ਯਾਪਨ ਦੀ ਵਧਦੀ ਲਾਗਤ ਵਰਗੇ ਮੁੱਦਿਆਂ 'ਤੇ ਸਰਗਰਮ ਭੂਮਿਕਾ ਨਿਭਾਉਣਗੇ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਬਹੁ-ਸੱਭਿਆਚਾਰਕ ਸਮਾਜ ਦੀ ਮਜ਼ਬੂਤੀ ਲਈ ਵੀ ਯੋਗਦਾਨ ਪਾਉਣਗੇ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

ਸੰਗਠਿਤ ਅਪਰਾਧ ਵਿਰੁੱਧ ਕਾਰਵਾਈ




ਅਲਬਰਟਾ ਗੈਂਗਾਂ, ਫਿਰੌਤੀ ਅਤੇ ਅਪਰਾਧਿਕ ਨੈੱਟਵਰਕਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਿਹਾ ਹੈ—ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਉਹ ਵਿਸ਼ੇਸ਼ ਸਾਧਨ ਅਤੇ ਸਰੋਤ ਮੁਹੱਈਆ ਕਰਵਾਉਣ ਲਈ 8 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਿਹਾ ਹੈ, ਜਿਨ੍ਹਾਂ ਦੀ ਉਨ੍ਹਾਂ ਨੂੰ ਤੁਹਾਡੇ ਪਰਿਵਾਰਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਦੀ ਸੁਰੱਖਿਆ ਲਈ ਲੋੜ ਹੈ।

Alberta

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

ਕਾਲ: 403 953 1000

E Mail: Contact@twcoverings.com
Web: www.twcoverings.com
Timelesswindowcoverings

ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਤਿਉਹਾਰ



ਗੁਰਦੀਸ਼ ਕੌਰ ਗਰੇਵਾਲ ਕੈਲਗਰੀ
403 404 1450

ਦੀਵਾਲੀ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਤਿਉਹਾਰ ਜਾਣਿਆਂ ਜਾਂਦਾ ਹੈ। ਜਿੱਥੇ ਹਿੰਦੂ ਭਾਈਚਾਰਾ ਇਸ ਨੂੰ 'ਲਕਸ਼ਮੀ ਪੂਜਾ' ਕਹਿ ਕੇ ਮਨਾਉਂਦਾ ਹੈ- ਉੱਥੇ ਸਿੱਖ ਇਸ ਨੂੰ 'ਬੰਦੀ ਛੋੜ ਦਿਵਸ' ਸਮਝ ਕੇ ਮਨਾਉਂਦੇ ਹਨ। ਭਾਵੇਂ ਸਿੱਖ ਇਤਿਹਾਸ ਨੂੰ ਘੋਖਿਆਂ, ਇਹ ਪਤਾ ਲਗਦਾ ਹੈ ਕਿ- ਬੰਦੀ ਛੋੜ ਦਿਵਸ ਦਾ ਸਮਾਂ ਦੀਵਾਲੀ ਦੇ ਤਿਉਹਾਰ ਨਾਲ ਮੇਲ ਨਹੀਂ ਖਾਂਦਾ। ਪਰ ਸਾਡੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ, ਦੀਵਾਲੀ ਤੇ ਵਿਸਾਖੀ ਦੇ ਮੌਕੇ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਬੁਲਾਇਆ ਜਾਂਦਾ ਤੇ ਅਹਿਮ ਫੈਸਲੇ ਸੰਗਤ ਨਾਲ ਸਾਂਝੇ ਕੀਤੇ ਜਾਂਦੇ। ਸੋ ਮੇਰਾ ਖਿਆਲ ਹੈ ਕਿ- ਜੇ ਇਸ ਤਿਉਹਾਰ ਨੂੰ ਭਾਈਚਾਰਕ ਸਾਂਝ ਦੇ ਤੌਰ ਤੇ ਇਕੱਠਾ ਵੀ ਮਨਾ ਲਿਆ ਜਾਵੇ ਤਾਂ ਕੋਈ ਹਰਜ਼ ਨਹੀਂ।

ਬੰਦੀ ਛੋੜ ਦਿਵਸ ਵਾਲੇ ਦਿਨ, ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਹੋ ਕੇ ਆਏ ਸਨ। ਗੁਰੂ ਸਾਹਿਬ ਤੋਂ ਪਹਿਲਾਂ, ਉਥੇ ਬਗਾਵਤ ਦੇ ਇਲਜ਼ਾਮ ਵਿੱਚ 52 ਰਾਜੇ ਵੀ ਕੈਦ ਭੁਗਤ ਰਹੇ ਸਨ- ਜਿਹਨਾਂ ਨੂੰ ਗੁਰੂ ਸਾਹਿਬ ਹਰ ਰੋਜ਼ ਗੁਰਬਾਣੀ ਤੇ ਚੜ੍ਹਦੀ ਕਲਾ ਦਾ ਉਪਦੇਸ਼ ਦਿੰਦੇ- ਜਿਸ ਨਾਲ ਉਹਨਾਂ ਦੇ ਜੀਵਨ ਵਿੱਚ ਅਨੋਖੀ ਤਬਦੀਲੀ ਆ ਗਈ। ਪਰ ਡੇਢ ਸਾਲ ਬਾਅਦ, ਜਦੋਂ ਜਹਾਂਗੀਰ ਨੇ ਆਪਣੀ ਗਲਤੀ ਸਵੀਕਾਰ ਕਰਕੇ, ਗੁਰੂ ਸਾਹਿਬ ਨੂੰ ਰਿਹਾਈ ਦਾ ਹੁਕਮ ਸੁਣਾਇਆ ਤਾਂ ਉਹ 52 ਰਾਜੇ ਰੋ ਕੇ ਕਹਿਣ ਲੱਗੇ-'ਹੁਣ ਸਾਡਾ ਕੀ ਬਣੇਗਾ?' ਗੁਰੂ ਸਾਹਿਬ ਨੇ ਰਾਜਿਆਂ ਦੀ ਰਿਹਾਈ ਤੋਂ ਬਿਨਾ, ਆਪ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ- ਪਰ ਸਭ ਵਿਅਰਥ। ਉਸ ਹਾਰ ਕੇ ਕਹਿ ਦਿੱਤਾ-'ਜੋ ਤੁਹਾਡਾ ਦਾਮਨ ਪਕੜ ਕੇ ਜਾ ਸਕਦਾ ਹੈ ਚਲਾ ਜਾਵੇ!' ਇਸ ਤੇ ਗੁਰੂ ਸਾਹਿਬ ਨੇ ਸਿੱਖਾਂ ਨੂੰ ਸੁਨੇਹਾ ਭੇਜ ਕੇ, ਇੱਕ 52 ਕਲੀਆਂ ਵਾਲਾ ਚੋਲ਼ਾ ਬਣਵਾਇਆ- ਜਿਸ ਦੀਆਂ ਕੰਨੀਆਂ ਪਕੜ ਕੇ ਸਾਰੇ ਰਾਜੇ ਬਾਹਰ ਆ ਗਏ।

ਇਤਿਹਾਸਕਾਰਾਂ ਅਨੁਸਾਰ ਰਿਹਾਈ ਦਾ ਸਮਾਂ ਅਗਸਤ, 1613 ਮੰਨਿਆਂ ਗਿਆ ਹੈ। ਸੋ ਉਸ ਸਾਲ ਦੀ ਦਿਵਾਲੀ, ਗੁਰੂ ਸਾਹਿਬ ਨੇ ਸੰਗਤਾਂ ਨਾਲ ਮਿਲ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਨਾਈ ਤੇ ਦੂਰ ਦੂਰ ਤੋਂ ਸੰਗਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਈਆਂ। ਉਸ ਦਿਨ ਸਭ ਧਰਮਾਂ ਦੇ ਲੋਕਾਂ ਨੇ ਆਪੋ ਆਪਣੇ ਘਰਾਂ ਵਿੱਚ ਵੀ ਘਿਓ ਤੇਲ ਦੇ ਦੀਵੇ ਜਗਾਏ। ਉਸ ਦਿਨ ਤੋਂ ਇਹ ਤਿਉਹਾਰ ਦੋਹਾਂ ਕੌਮਾਂ ਵਿੱਚ ਹੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਇਸ ਤਿਉਹਾਰ ਦੇ ਕਈ ਚੰਗੇ ਪੱਖ ਹਨ। ਇਹ ਸਾਨੂੰ- ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਤੋਂ ਇਲਾਵਾ ਲੋੜਵੰਦਾਂ, ਨਿਮਾਣਿਆਂ, ਨਿਤਾਣਿਆਂ ਦੀ ਮਦਦ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ। ਮੌਸਮ ਦੇ ਲਿਹਾਜ ਤੋਂ ਵੀ ਜੇ ਦੇਖਿਆ ਜਾਵੇ, ਤਾਂ ਇਸ ਸਮੇਂ ਤੋਂ ਸਰਦੀ ਦੇ ਮੌਸਮ ਦੀ ਸ਼ੁਰੂਆਤ ਮੰਨੀ ਜਾਂਦੀ ਹੈ ਤੇ ਇਸੇ ਬਹਾਨੇ ਘਰਾਂ ਦੀ ਸਾਫ ਸਫਾਈ ਹੋ ਜਾਂਦੀ ਹੈ- ਰੰਗ ਰੋਗਨ ਕਰਾਏ ਜਾਂਦੇ ਹਨ- ਫਾਲਤੂ ਤੇ ਪੁਰਾਣਾ ਸਮਾਨ ਲੋੜਵੰਦਾਂ ਨੂੰ ਦੇ ਦਿੱਤਾ ਜਾਂਦਾ ਹੈ ਤੇ ਕੁੱਝ ਨਵਾਂ ਖਰੀਦਿਆ ਜਾਂਦਾ ਹੈ- ਤੇ ਉਸ ਵਿੱਚ ਵੱਸਣ ਵਾਲਿਆਂ ਦੇ ਮਨ ਤਰੋਤਾਜ਼ਾ ਹੋ ਕੇ ਨਵੀਂ ਊਰਜਾ ਮਹਿਸੂਸ ਕਰਦੇ ਹਨ।



ਸੱਜਣਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਸ਼ੁਭ ਇੱਛਾਵਾਂ ਭੇਜੀਆਂ ਜਾਂਦੀਆਂ ਹਨ- ਜਿਸ ਨਾਲ ਪਿਆਰ ਦੀਆਂ ਗੰਢਾਂ ਪੀਢੀਆਂ ਹੁੰਦੀਆਂ ਹਨ। ਇਸ ਰਾਤ ਜਿੱਥੇ ਘਰਾਂ ਨੂੰ ਰੌਸ਼ਨੀਆਂ ਨਾਲ ਰੁਸ਼ਨਾਇਆ ਜਾਂਦਾ ਹੈ, ਉਥੇ ਗੁਰਦੁਆਰੇ ਤੇ ਮੰਦਰਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ।

ਸਮੇਂ ਦੇ ਨਾਲ ਨਾਲ, ਇਸ ਤਿਉਹਾਰ ਦੇ ਮਨਾਉਣ ਦੇ ਰੰਗ ਢੰਗ ਵੀ ਬਦਲ ਗਏ ਹਨ। ਅਸੀਂ ਲੋਕ ਇਸ ਦਿਨ ਪਟਾਖਿਆਂ ਤੇ ਹੀ ਲੱਖਾਂ ਕਰੋੜਾਂ ਰੁਪਏ ਫੂਕ ਦਿੰਦੇ ਹਾਂ- ਜਿਸ ਨਾਲ ਹਜ਼ਾਰਾਂ ਗਰੀਬਾਂ ਤੇ ਭੁੱਖਿਆਂ ਦੇ ਪੇਟ ਭਰੇ ਜਾ ਸਕਦੇ ਹਨ। ਦੂਜਾ ਇਸ ਨਾਲ ਪ੍ਰਦੂਸ਼ਣ ਕਿੰਨਾ ਵਧਦਾ ਹੈ- ਸੋਚਿਆ ਕਦੇ? ਸਾਡੇ ਗੁਰੂ ਸਾਹਿਬ ਨੇ ਤਾਂ ਸਾਨੂੰ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥(ਜਪੁਜੀ ਸਾਹਿਬ)॥ ਦਾ ਸੰਦੇਸ਼ ਦਿੱਤਾ ਹੈ- ਪਰ ਅਸੀਂ ਉਸ ਸ਼ੁਧ ਹਵਾ ਨੂੰ ਇੰਨੀ ਕੁ ਗੰਧਲੀ ਕਰ ਦਿੰਦੇ ਹਾਂ ਕਿ ਸਾਹ ਲੈਣਾ ਵੀ ਔਖਾ ਹੋ ਜਾਂਦਾ। ਹੋਰ ਤਾਂ ਹੋਰ ਸਾਡੇ ਗੁਰੂ ਘਰਾਂ 'ਚ ਵੀ ਆਤਿਸ਼ਬਾਜ਼ੀ ਚਲਾਈ ਜਾਂਦੀ ਹੈ। ਕਈ ਲੋਕ ਦੇਖਾ ਦੇਖੀ ਔਖੇ ਹੋ ਕੇ ਮਹਿੰਗੇ ਗਿਫਟ ਇੱਕ ਦੂਜੇ ਨੂੰ ਦਿੰਦੇ ਹਨ। ਮੇਰਾ ਖਿਆਲ ਹੈ ਕਿ- ਸਾਡੇ ਮੋਹ ਭਿੱਜੇ ਬੋਲ, ਗਿਫਟ ਨਾਲੋਂ ਕਿਤੇ ਵੱਧ ਕੀਮਤੀ ਹੁੰਦੇ ਹਨ। ਸਰਮਾਏਦਾਰਾਂ ਨੇ ਤਾਂ ਇਸ ਦਿਨ ਕਮਾਈ ਕਰਨ ਲਈ, ਤਰ੍ਹਾਂ ਤਰ੍ਹਾਂ ਦੇ ਬਾਜ਼ਾਰ ਲਾਉਣੇ ਹੁੰਦੇ ਹਨ- ਪਰ ਸਾਨੂੰ ਆਪਣੀ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਰੀਸੋ ਰੀਸੀ ਝੁੱਗਾ ਚੌੜ ਕਰਾ ਲੈਣਾ- ਭਲਾ ਕਿੱਥੋਂ ਦੀ ਸਿਆਣਪ ਹੈ?

ਕੁੱਝ ਲੋਕ ਇਸ ਦਿਨ ਸ਼ਰਾਬਾਂ ਪੀਂਦੇ, ਜੂਆ ਖੇਡਦੇ ਤੇ ਹੋਰ ਵੀ ਕਈ ਤਰ੍ਹਾਂ ਦੇ ਨਸ਼ੇ ਕਰਦੇ ਹਨ। ਭਾਈ- ਇਹ ਦਿਨ ਤਾਂ ਸਗੋਂ ਵਿਸ਼ੇ ਵਿਕਾਰ ਛੱਡਣ ਅਤੇ ਹੱਕ ਸੱਚ, ਧਰਮ, ਨਿਆਂ, ਪਰਉਪਕਾਰ ਤੇ ਭਲਾਈ ਕਰਨ ਦਾ ਅਹਿਦ ਲੈਣ ਲਈ ਹੁੰਦਾ ਹੈ।

ਕਰੋਨਾ ਦੀ ਮਹਾਂਮਾਰੀ ਵੇਲੇ ਸਾਨੂੰ ਸ਼ੁੱਧ ਹਵਾ ਦੀ ਕੀਮਤ ਦਾ ਅਸਲੀ ਪਤਾ ਲੱਗਾ ਸੀ, ਜਦੋਂ ਆਕਸੀਜਨ ਦੇ ਸਿਲੰਡਰ ਹਜ਼ਾਰਾਂ ਲੱਖਾਂ ਵਿੱਚ ਵਿਕਣ ਲੱਗ ਪਏ ਸਨ। ਪਤਾ ਨਹੀਂ ਅਸੀਂ ਕਿਉਂ ਫਿਰ ਭੁੱਲ ਜਾਂਦੇ ਹਾਂ? ਪਟਾਖਿਆਂ ਨਾਲ ਪ੍ਰਦੂਸ਼ਣ ਵਧਾਉਣਾ ਭਲਾ ਕਿੱਥੋਂ ਦੀ ਸਿਆਣਪ ਹੈ? ਇਹ ਸਾਨੂੰ ਆਪ ਹੀ ਸੋਚ ਲੈਣਾ ਚਾਹੀਦਾ!! ਇਹਨਾਂ ਦੇ ਚਲਾਉਣ ਤੇ ਹਮੇਸ਼ਾ ਲਈ ਪੂਰੀ ਪਾਬੰਦੀ ਲਗਣੀ ਚਾਹੀਦੀ ਹੈ। ਇਥੇ ਵਿਦੇਸ਼ਾਂ ਵਿੱਚ ਤਾਂ ਘਰ ਵੀ ਲੱਕੜ ਦੇ ਹਨ, ਜੰਗਲਾਂ ਨੂੰ ਵੀ ਝੱਟ ਅੱਗ ਲੱਗ ਜਾਂਦੀ ਹੈ। ਸੋ ਇਹਨਾਂ ਮੁਲਕਾਂ ਵਿੱਚ ਵੀ, ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ।

ਬਜ਼ਾਰੀ ਮਿਠਾਈਆਂ ਦੇ ਤਾਂ ਮੈਂ ਪਹਿਲਾਂ ਹੀ ਬਰਖਲਾਫ ਹਾਂ। ਸਾਡੇ ਘਰ ਵਿੱਚ ਬਹੁਤ ਸਾਲਾਂ ਤੋਂ ਕਦੇ ਵੀ ਕਿਸੇ ਤਿਉਹਾਰ ਤੇ ਮਿਠਾਈ ਨਹੀਂ ਖਰੀਦੀ ਜਾਂਦੀ- ਘਰ ਹੀ ਕੋਈ ਮਿੱਠੀ ਚੀਜ਼ ਬਣਾ ਲਈਦੀ ਹੈ। ਨਕਲੀ ਦੁੱਧ ਤੋਂ ਖੋਆ ਤਿਆਰ ਕਰਕੇ ਬਣਾਈਆਂ ਮਿਠਾਈਆਂ ਸਾਡੀ ਸਿਹਤ ਦਾ ਕੀ ਹਾਲ ਕਰਨਗੀਆਂ- ਸੋਚਿਆ ਕਦੇ?

ਸਾਥੀਓ- ਇਸ ਦਿਨ ਆਪਣੇ ਘਰਾਂ ਨੂੰ ਸਜਾਉਣ ਨਾਲੋਂ, ਕਿਤੇ ਵੱਧ ਲੋੜ ਹੈ ਆਪਣੇ ਮਨਾਂ ਨੂੰ ਰੁਸ਼ਨਾਉਣ ਦੀ। ਆਓ ਸ਼ਬਦ ਗੁਰੂ ਤੋਂ ਸੇਧ ਲੈ ਕੇ, ਆਪਣੇ ਮਨਾਂ ਵਿਚੋਂ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਕੇ, ਆਪਣੇ ਅੰਦਰ ਗਿਆਨ ਦਾ ਚਾਨਣ ਕਰਨ ਦੀ ਕੋਸ਼ਿਸ਼ ਕਰੀਏ। ਗਿਆਨ ਵਧਾਉਣ ਵਾਲੀਆਂ ਹੋਰ ਚੰਗੀਆਂ ਪੁਸਤਕਾਂ ਨਾਲ ਵੀ ਸਾਂਝ ਪਾਈਏ। ਗੁਰਬਾਣੀ ਅਨੁਸਾਰ-

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥
ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪਰਗਾਸੁ ਅਗਿਆਨੁ ਮਿਟੰਤੁ॥
(ਅੰਗ 791)

ਸੋ ਇਸ ਦਿਨ ਤੇ ਆਪ ਦੀ ਸੁਖ ਸ਼ਾਂਤੀ ਦੀ ਅਰਦਾਸ ਕਰਦੀ ਹੋਈ ਕਾਮਨਾ ਕਰਦੀ ਹਾਂ ਕਿ ਇਹ ਤਿਉਹਾਰ ਸਾਡੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਕੇ, ਚੜ੍ਹਦੀ ਕਲਾ ਦਾ ਪ੍ਰਤੀਕ ਬਣੇ !







ਉਦੋਂ ਅਤੇ ਹੁਣ !

ਬਲਜੀਤ ਕੌਰ ਪਿੰਡ ਘੁੰਗਰਾਣਾ

ਅੱਜ ਤੋਂ 50-60 ਕੁ ਸਾਲ ਪਿੱਛੇ ਪਿੰਡਾਂ ਵਿੱਚ ਬਿਜਲੀ ਨਹੀਂ ਹੁੰਦੀ ਸੀ।ਨਾਂ ਪੱਖੇ ਨਾਂ ਕੂਲਰ ਤੇ ਨਾਂ ਫ਼ਰਿੱਜ ਨਾਂ ਬਿਜਲੀ ਵਾਲੀਆਂ ਮਧਾਣੀਆਂ ਆਮ ਜਿਹੀ ਸਹੂਲਤ ਭੀ ਨਹੀਂ ਹੁੰਦੀ ਸੀ। ਘਰ ਦੇ ਬਹੁਤ ਕੰਮ ਹੁੰਦੇ ਸੀ ਔਰਤ ਨੂੰ ਕਰਨ ਲਈ।ਗੈਸ ਸਿਲੰਡਰ ਨਹੀਂ ਸੀ ਹੁੰਦੇ। ਸਾਰਾ ਕੰਮ ਚੁੱਲੇ ਤੇ ਕੀਤਾ ਜਾਂਦਾ ਸੀ॥ ਸਵੇਰੇ ਚਾਹ ਵਗੈਰਾ ਤੋਂ ਬਾਅਦ ਹੱਥ ਵਾਲ਼ੀ ਮਧਾਣੀ ਨਾਲ ਦੁੱਧ ਰਿੜਕਣਾ।ਜੇ ਵੱਡਾ ਰਿੜਕਣਾ ਹੋਣਾ ਤਾਂ ਰਿੜਕਣ ਲਈ ਮਰਦ ਭੀ ਮੱਦਦ ਕਰ ਦਿੰਦੇ ਸਨ। ਸਾਡੇ ਘਰ ਡੰਗਰਾਂ ਦਾ ਕੰਮ ਕਰਨ ਵਾਲੇ ਕਾਮੇ ਤੋ ਦੁੱਧ ਰਿੜਕਣ ਲਈ ਮੱਦਦ ਲਈ ਜਾਂਦੀ ਸੀ। ਹਾਰੇ ਵਿੱਚ ਦੁੱਧ ਕਾੜਨ ਲਈ ਰੱਖਣਾਤੇ ਸਵੇਰੇ ਹੀ ਹਾਰੇ ਵਿੱਚ ਦਾਲ਼ ਸਾਗ ਰਿੱਝਣਾਰੱਖ ਦੇਣਾ। ਧਾਰਾਂ ਚੋਣੀਆਂ ਭਾਵੇਂ ਸਾਡੇ ਘਰ ਡੰਗਰਾਂ ਦਾ ਕੰਮ ਕਰਨ ਵਾਲੇ ਕਾਮੇ ਹੀ ਕੱਢਦੇ ਸਨ। ਪਰ ਜ਼ਿਆਦਾ ਘਰਾਂ ਵਿੱਚ ਔਰਤਾਂ ਦੇ ਜਿਮੇ ਹੀ ਹੁੰਦਾ ਸੀ।ਲੁਧਿਆਣੇ ਜ਼ਿਲੇ ਵਿੱਚ ਹਾਜ਼ਰੀ ਰੋਟੀ ਬਣਾਉਣ ਦਾ ਰਿਵਾਜ ਹੁੰਦਾ ਸੀ। ਮਿੱਸੀ ਰੋਟੀ ਜਾਂ ਪਰੌਂਠੇ ਬਣਦੇ ਸੀ। ਤਿੰਨ ਵਾਰ ਰੋਟੀ ਬਣਦੀ ਸੀ। ਮਾਲਵੇ ਵਿੱਚ ਦੋ ਵਾਰ ਦਾ ਰਿਵਾਜ ਸੀ। 10-11 ਵਜੇ ਸਬਜ਼ੀ ਰੋਟੀ ਬਣਾਕੇ ਸ਼ਾਮ ਨੂੰ ਬਣਦੀ ਹੈ। ਹੁਣ ਭੀ ਉਸ ਤਰਾਂ ਹੀ ਹੈ।ਫਿਰ ਮੰਜੇ ਬਿਸਤਰੇ ਚੁੱਕਣੇ ਬਿਸਤਰੇ ਅੰਦਰ ਇੱਕ ਮੰਜੇ ਤੇ ਰੱਖ ਦੇਣੇ ਤੇ ਮੰਜੇ ਇੱਕ ਪਾਸੇ ਖੜੇ ਕਰ ਦੇਣੇ। ਸ਼ਾਮ ਨੂੰ ਮੱਜੇ ਡਾਹਕੇ ਬਿਸਤਰੇ ਬਾਹਰ ਕੱਢਣੇ। ਵਿਹੜੇ ਕੱਚੇ ਹੁੰਦੇ ਸਨ। ਗਰਮੀ ਵਿੱਚ ਪਾਣੀ ਛਿੜਕਣਾ। ਉਸ ਵੇਲੇ ਪੱਕੀਆਂ ਹਵੇਲੀਆਂ ਦੇ ਫ਼ਰਸ਼ਭੀ ਕੱਚੇ ਹੁੰਦੇ ਸੀ। ਚੌਂਕਾਭੀ ਕੱਚਾ ਹੁੰਦਾ ਸੀ। ਇਸ ਕਰਕੇ ਚੰਗੀ ਤਰਾਂ ਬਾਂਸ ਦੇ ਰੜਕੇ ਨਾਲ ਹੀ ਸਾਫ ਕਰਦੇ ਸਨ। ਪੋਚੇ ਲਾਉਣ ਵਾਲਾ ਕੰਮ ਨਹੀਂ ਹੁੰਦਾ ਸੀ।ਰਸੋਈ ਵਿੱਚ ਵਰਤਨ ਲਈ ਪਾਣੀ ਨਲਕਾ ਗੇੜਕੇ ਕੱਢਣਾ। ਨਹਾਉਣ ਲਈ ਤੇ ਕੱਪੜੇ ਧੋਣ ਲਈ ਭੀ ਸਾਰੇ ਕੰਮ ਲਈ ਨਲਕੇ ਵਿੱਚੋਂ ਪਾਣੀ ਕੱਢਣਾ ਵਰਜਿਸ ਵਾਲਾ ਕੰਮ ਸੀ। ਮਾਲਵੇ ਵਿੱਚ ਨਹਿਰ ਦਾ ਪਾਣੀ ਵਰਤਦੇ ਸਨ ਨਲਕੇ ਨਹੀਂ ਸੀ। ਪਾਣੀ ਡੂੰਘਾ ਸੀ ਲੋਕ ਪਾਣੀ ਦੇ ਘੜੇ ਭਰਕੇ ਡਿੱਗੀ ਤੋ ਲਿਆਉਂਦੇ ਸਨ। ਕੁੱਝ ਕੁ ਘਰਾਂ ਵਿੱਚ ਪਾਣੀ ਭਰਨ ਦਾ ਕੰਮ ਝਿਉਰ ਕਰਦੇ ਸਨ। ਪਾਣੀ ਵਾਲੀ ਗੱਡੀ ਬਣਾਕੇ ਢੋਲ ਰੱਖਕੇ ਦੋ ਪੀਪੇ ਰੱਖੇ ਹੁੰਦੇ ਸਨ। ਸਾਡੇ ਘਰ ਭੀ ਪਾਣੀ ਭਰਕੇ ਜਾਂਦੇ ਸਨ। ਪਾਣੀ ਸਟੋਰ ਕਰਨ ਲਈ ਘੜੇ ਹੀ ਹੁੰਦੇ ਸਨ ਬਹੁਤ ਸਾਰੇ ਕੁੱਝ ਵੱਡੇ ਸਾਈਜ ਦੇ ਜਿੰਨਾਂ ਨੂੰ ਮੱਟੀ ਕਿਹਾ ਜਾਂਦਾ ਸੀ। ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਟੋਬੇ ਤੇ ਲੈ ਕੇ ਜਾਂਦੇ ਸਨ।ਘਰਦੇ ਕੰਮ ਦੇ ਨਾਲ ਔਰਤਾਂ ਖੇਤ ਵਿੱਚ ਕਪਾਹ ਨਰਮਾ ਚੁਗਣ ਲਈ ਜਾਂਦੀਆਂ ਸੀ। ਕੱਪੜੇ ਹੱਥ ਨਾਲ ਥਾਪੀ ਨਾਲ ਕੁੱਟਕੇ ਧੋਤੇ ਜਾਂਦੇ ਸਨ। ਵੱਡੇ ਖੇਸ ਤੇ ਚੁਤੱਹੀਆਂ ਹੁੰਦੀਆਂ ਸਨ। ਬਾਕੀ ਹੋਰ ਕੰਮਹੁੰਦੇ ਸਨ ਬੱਚਿਆਂ ਦੀ ਸਾਂਭ ਸੰਭਲ਼ ਤੇ ਬਜ਼ੁਰਗਾਂ ਦੀ ਜਿਮੇਦਾਰੀ। ਹੁੰਦੀ ਸੀ। ਕੰਮ ਕਰਨ ਨਾਲ ਵਰਜਿਸ ਹੁੰਦੀ ਸੀ ਦੁੱਧ ਘਿਉ ਖਾਧਾ ਸਭ ਹਜ਼ਮ ਹੋ ਜਾਂਦਾ ਸੀ। ਸਰੀਰ ਪੱਖ ਤੋ ਤੰਦਰੁਸਤ ਹੁੰਦੀਆਂ ਸਨ। ਜਿੰਮ ਜਾਣ ਦੀ ਲੋੜ ਨਹੀਂ ਹੁੰਦੀ ਸੀ। ਹੁਣ ਤਾਂ ਟੀ ਵੀ ਦਾ ਬਟਨ ਭੀ ਰਿਮੋਟ ਨਾਲ ਚੱਲਦਾ ਹੈ। ਹਰ ਕੰਮ ਮਸ਼ੀਨੀ ਹੋ ਗਿਆ ਹੈ।ਬਹੁਤ ਸੁੱਖ ਸਾਧਣ ਹੋ ਗਏ ਹਨ। ਪਰ ਵਿਹਲੇ ਰਹਿਕੇ ਸਹਿਣ ਸ਼ਕਤੀ ਖਤਮ ਹੋ ਗਈ ਹੈ। ਹੁਣ ਤਾਂਘਰ ਆਏ ਮਹਿਮਾਨ ਨੂੰ ਚਾਹ ਦਾ ਕੱਪ ਬਣਾਉਣਾ ਭੀ ਮੁਸ਼ਕਲ ਲੱਗਦਾਹੈ। ਉਸ ਵੇਲੇ ਘਰ ਵਿੱਚ ਟੂਟੀਆਂ ਨਹੀਂ ਸਨ। ਭਾਂਡੇ ਸੁਆਹ ਨਾਲ ਸੁੱਕ ਮਾਂਜ ਕਰਕੇ ਸਾਫ ਕਰਦੇ ਸੀ। ਇੱਕ ਬਾਲਟੀ ਪਾਣੀ ਨਾਲਭਾਂਡੇ ਧੋ ਕੇ ਧੁੱਪ ਵਿੱਚ ਰੱਖਦੇ ਸੀ। ਹੁਣ ਸਾਬਣ ਸਰਫਨਾਲ ਭਾਂਡੇ ਧੋਣ ਦਾ ਰਿਵਾਜ ਹੋ ਗਿਆ। ਬੇਹਿਸਾਬ ਪਾਣੀ ਟੂਟੀ ਛੱਡਕੇ ਰੋੜਿਆ ਜਾਂਦਾ ਹੈ। ਜੇਕਰ ਚੰਗੀ ਤਰਾਂ ਮਲਕੇ ਭਾਂਡੇ ਨਾਂ ਧੋਤੇ ਜਾਣ ਤਾਂ ਕੈਮੀਕਲ ਸਾਡੇ ਅੰਦਰ ਜਾਂਦਾ ਹੈ। ਬਹੁਤ ਨੁਕਸਾਨ ਕਰਦਾ ਹੈ।ਅੱਜ ਕਿਹਾ ਜਾਂਦਾ ਹੈ ਸੁਆਹ ਨਾਲ ਭਾਂਡੇ ਮਾਂਜਣ ਨਾਲ ਹੱਥ ਖਰਾਬ ਹੋ ਜਾਂਦੇ ਹਨ। ਨੰਹੁਆਂ ਵਿੱਚ ਸੁਆਹ ਪੈ ਜਾਂਦੀ ਹੈ। ਇਹ ਸਭ ਸੁਣਿਆ ਦੇਖਿਆ ਹੈ। ਸੁਆਹ ਨਾਲ ਭਾਂਡੇ ਮਾਂਜਣ ਨਾਲ ਕਈ ਹੋਰਫਾਇਦੇ ਭੀ ।ਦੱਸੇ ਜਾਂਦੇ ਹਨ। ਪਰ ਇਹ ਸਭ ਬੀਤੇ ਸਮੇਂ ਦੀ ਗੱਲ ਹੈ ਉਸ ਸਮੇਂ ਨਹਾਉਣ ਲਈ ਇੱਕ ਬਾਲਟੀ ਪਾਣੀ ਨਾਲ ਨਹਾ ਲੈਂਦੇ ਸਨ। ਬਾਹਰ ਹੀ ਪਟੜਾ ਰੱਖਕੇ ਮਰਦ ਨਹਾ ਲੈਂਦੇ ਸਨ ਔਰਤਾਂ ਵੱਲੋਂ ਮੰਜਾ ਟੇਡਾਕਰਕੇ ਉਸ ਓਹਲੇ ਨਹਾ ਲੈਂਦੀਆਂ ਸਨ। ਕੁੱਝ ਕੁ ਘਰਾਂ ਵਿੱਚ ਗੁਸਲਖਾਣੇ ਬਣੇ ਹੁੰਦੇ ਸੀ। ਆਮ ਇਸ ਤਰਾਂ ਹੀ ਹੁੰਦਾ ਸੀ। ਲੋਕ ਜੰਗਲਪਾਣੀ ਲਈ ਖੇਤਾਂ ਵਿੱਚ ਜਾਂਦੇ ਸੀ। ਕੋਈ ਟਾਂਵੇ ਘਰ ਖੁਹੀ ਵਾਂਗ ਟੋਆ ਬਣਾਕੇ ਲੈਂਟਰ ਲਾ ਲੈਂਦੇ ਸਨ। ਸਹੂਲਤ ਲਈ ਫਲੱਸ਼ ਦਾ ਪਤਾ ਨਹੀਂ ਹੁੰਦਾ ਸੀ। ਜੋ ਹੁਣ ਦਿਨ ਵਿੱਚ ਕਿੰਨਾ ਪਾਣੀ ਬਰਬਾਦ ਹੁੰਦਾ ਹੈ।ਸਭ ਕੁੱਝ ਬਦਲ ਗਿਆ ਕਈ ਸਮੱਸਿਆ ਭੀ ਆ ਰਹੀਆਂ ਹਨ।ਉਸ ਵੇਲੇ ਸਾਦੀ ਜ਼ਿੰਦਗੀ ਜਿਉਂਦੇ ਸੀ। ਫਿਰ ਭੀ ਮਨ ਸ਼ਾਂਤ ਹੁੰਦੇ ਸੀ। ਪੈਸਾ ਕਮਾਉਣ ਲਈ ਇੰਨੀ ਭੱਜ ਦੌੜ ਨਹੀਂ। ਜਿਸ ਤਰਾਂ ਇਸ ਵੇਲੇਮਨੁੱਖ ਮਸ਼ੀਨ ਤਰਾਂ ਭੱਜ ਰਿਹਾ ਹੈ।ਸਮੇਂ ਦਾ ਗੇੜ ਹੈ।ਤਰੱਕੀ ਹੋ ਗਈ ਹੈ। ਕੁਦਰਤੀ ਖੇਤੀ ਕਰਨ ਵਾਲਾ ਵਕੀਲ ਕਮਲਜੀਤ ਸਿੰਘ ਹੇਅਰ ਸੋਹਣਗੜ ਫਾਰਮ ਵਾਲਾ ਭੀ ਕਹਿ ਰਿਹਾ ਹੈ। ਜੋ ਪਹਿਲਾਂ ਲੋਕ ਜੰਗਲ਼ ਪਾਣੀ ਲਈ ਖੇਤਾਂ ਵਿੱਚ ਜਾਂਦੇ ਸੀ। ਓਹ ਜ਼ਮੀਨ ਵਿੱਚੋਂ ਕੱਢੀ ਫ਼ਸਲ ਖਾ ਕੇ ਵਾਪਿਸ ਖੇਤ ਵਿੱਚ ਹੀ ਵਾਪਿਸ ਕਰਦਾ ਸੀ। ਹੁਣ ਨਕਲੀ ਖਾਦ ਪਾ ਕੇ ਭੀ ਤੱਤ ਪੂਰੇ ਨਹੀਂ ਹੁੰਦੇ। ਜੋ ਕੁਦਰਤੀ ਜੀਵਨ ਸੀ।ਇਹ ਪੁਰਾਣਾ ਜੀਵਨ ਦੇਖਿਆ ਹੈ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE
Calgary, Alberta T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

ਸਭ ਕੁੱਝ ਹੈ, ਫਿਰ ਵੀ ਮਨ ਖਾਲੀ ਕਿਉਂ ?

ਕੰਵਲ ਪੁਨੀਤ ਕੌਰ
Regina, Saskatchewan
306-580-1860



ਕਈ ਵਾਰ ਜ਼ਿੰਦਗੀ ਵਿੱਚ ਕਿਸੇ ਚੀਜ਼ ਦੀ ਕਮੀ ਨਹੀਂ ਹੁੰਦੀ, ਫਿਰ ਵੀ ਦਿਲ ਦੇ ਕਿਸੇ ਕੋਨੇ ਵਿੱਚ ਇੱਕ ਅਜਿਹੀ ਖਾਲੀ ਥਾਂ ਹੁੰਦੀ ਹੈ, ਜਿਸ ਨੂੰ ਨਾ ਪੈਸਾ ਭਰ ਸਕਦਾ ਹੈ, ਨਾ ਸਹੂਲਤਾਂ ਅਤੇ ਨਾ ਹੀ ਦੁਨੀਆ ਅੱਗੇ ਦਿਖਾਈ ਦੇਣ ਵਾਲੀ ਮੁਸਕਰਾਹਟ।

ਅੱਜ ਦਾ ਮਨੁੱਖ ਸ਼ਾਇਦ ਪਹਿਲਾਂ ਨਾਲੋਂ ਕਿਤੇ ਵੱਧ ਸਹੂਲਤਾਂ ਵਿੱਚ ਜੀਅ ਰਿਹਾ ਹੈ। ਸੋਹਣਾ ਘਰ ਹੈ, ਗੱਡੀ ਹੈ, ਚੰਗੀ ਨੌਕਰੀ ਹੈ, ਹੱਥ ਵਿੱਚ ਮਹਿੰਗਾ ਫ਼ੋਨ ਹੈ ਅਤੇ ਦੁਨੀਆ ਨਾਲ ਜੁੜਨ ਲਈ ਸੋਸ਼ਲ ਮੀਡੀਆ ਹੈ। ਫਿਰ ਵੀ ਇੱਕ ਸਵਾਲ ਅਕਸਰ ਮਨ ਵਿੱਚ ਉੱਠਦਾ ਹੈ—ਸਭ ਕੁਝ ਹੁੰਦਿਆਂ ਵੀ ਮਨ ਖੁਸ਼ ਕਿਉਂ ਨਹੀਂ ?

ਅੱਜ ਸਾਡੀ ਜ਼ਿੰਦਗੀ ਇੱਕ ਲਗਾਤਾਰ ਦੌੜ ਬਣਦੀ ਜਾ ਰਹੀ ਹੈ। ਪੜ੍ਹਾਈ ਤੋਂ ਬਾਅਦ ਚੰਗੀ ਨੌਕਰੀ, ਫਿਰ ਵੱਡਾ ਘਰ, ਨਵੀਂ ਗੱਡੀ, ਵਧੀਆ ਕੱਪੜੇ, ਵਿਦੇਸ਼ੀ ਛੁੱਟੀਆਂ ਅਤੇ ਹੋਰ ਪੈਸਾ—ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਸਾਹਮਣੇ ਖੜ੍ਹੀ ਹੁੰਦੀ ਹੈ। ਅਸੀਂ ਆਪਣੇ ਆਪ ਨੂੰ ਕਹਿੰਦੇ ਹਾਂ, ਬੱਸ ਇਹ ਮਿਲ ਜਾਵੇ, ਫਿਰ ਮੈਂ ਖੁਸ਼ ਹੋਵਾਂਗਾ। ਪਰ ਜਦੋਂ ਉਹ ਚੀਜ਼ ਮਿਲ ਜਾਂਦੀ ਹੈ ਤਾਂ ਖੁਸ਼ੀ ਕੁਝ ਸਮੇਂ ਬਾਅਦ ਫਿਰ ਫਿੱਕੀ ਪੈ ਜਾਂਦੀ ਹੈ।

ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਅਸੀਂ ਖੁਸ਼ੀ ਨੂੰ ਮਹਿਸੂਸ ਕਰਨ ਦੀ ਬਜਾਏ ਹਾਸਲ ਕਰਨ ਵਾਲੀ ਚੀਜ਼ ਸਮਝ ਬੈਠੇ ਹਾਂ।

ਇਸ ਖਾਲੀਪਣ ਦਾ ਇੱਕ ਵੱਡਾ ਕਾਰਨ ਦੂਜਿਆਂ ਨਾਲ ਤੁਲਨਾ ਵੀ ਹੈ। ਸੋਸ਼ਲ ਮੀਡੀਆ ਖੋਲ੍ਹਦੇ ਹੀ ਕਿਸੇ ਦਾ ਨਵਾਂ ਘਰ, ਕਿਸੇ ਦੀ ਨਵੀਂ ਗੱਡੀ, ਕਿਸੇ ਦੀ ਵਿਦੇਸ਼ ਯਾਤਰਾ, ਕਿਸੇ ਦੀ ਕਾਮਯਾਬੀ ਅਤੇ ਕਿਸੇ ਦਾ ਹੱਸਦਾ-ਖੇਡਦਾ ਪਰਿਵਾਰ ਦਿਖਾਈ ਦਿੰਦਾ ਹੈ। ਹੌਲੀ-ਹੌਲੀ ਮਨ ਆਪਣੀ ਜ਼ਿੰਦਗੀ ਦੀ ਤੁਲਨਾ ਦੂਜਿਆਂ ਦੀ ਜ਼ਿੰਦਗੀ ਨਾਲ ਕਰਨ ਲੱਗਦਾ ਹੈ।

ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਸੋਸ਼ਲ ਮੀਡੀਆ ਉੱਤੇ ਅਸੀਂ ਕਿਸੇ ਦੀ ਪੂਰੀ ਜ਼ਿੰਦਗੀ ਨਹੀਂ, ਸਗੋਂ ਉਸ ਦੇ ਚੁਣੇ ਹੋਏ ਕੁਝ ਪਲ ਹੀ ਦੇਖ ਰਹੇ ਹੁੰਦੇ ਹਾਂ। ਤਸਵੀਰ ਵਿੱਚ ਦਿਖਾਈ ਦੇ ਰਹੀ ਮੁਸਕਰਾਹਟ ਦੇ ਪਿੱਛੇ ਕੀ ਚੱਲ ਰਿਹਾ ਹੈ, ਇਹ ਸਾਨੂੰ ਨਹੀਂ ਪਤਾ।

ਅੱਜ ਸੰਪਰਕ ਦੇ ਸਾਧਨ ਬਹੁਤ ਹਨ, ਪਰ ਦਿਲੋਂ ਗੱਲ ਕਰਨ ਵਾਲੇ ਰਿਸ਼ਤੇ ਘੱਟ ਹੁੰਦੇ ਜਾ ਰਹੇ ਹਨ। ਸਾਡੇ ਫ਼ੋਨ ਵਿੱਚ ਸੈਂਕੜੇ ਨੰਬਰ ਹੋ ਸਕਦੇ ਹਨ, ਸੋਸ਼ਲ ਮੀਡੀਆ ਉੱਤੇ ਹਜ਼ਾਰਾਂ ਦੋਸਤ ਹੋ ਸਕਦੇ ਹਨ, ਪਰ ਜਦੋਂ ਮਨ ਭਾਰੀ ਹੋਵੇ ਤਾਂ ਕਈ ਵਾਰ ਸਮਝ ਨਹੀਂ ਆਉਂਦੀ ਕਿ ਫ਼ੋਨ ਕਿਸ ਨੂੰ ਕਰੀਏ।

ਇੱਕ ਹੋਰ ਸਮੱਸਿਆ ਇਹ ਹੈ ਕਿ ਅਸੀਂ ਹਰ ਵੇਲੇ ਠੀਕ ਦਿਖਾਈ ਦੇਣਾ ਚਾਹੁੰਦੇ ਹਾਂ। ਕੋਈ ਪੁੱਛੇ, ਕਿਵੇਂ ਹੋ ? ਤਾਂ ਜਵਾਬ ਹੁੰਦਾ ਹੈ— ਬਿਲਕੁਲ ਠੀਕ। ਭਾਵੇਂ ਅੰਦਰੋਂ ਮਨ ਕਿੰਨਾ ਵੀ ਭਾਰਾ ਕਿਉਂ ਨਾ ਹੋਵੇ।

ਕਈ ਲੋਕ ਇਸ ਡਰ ਕਾਰਨ ਆਪਣੀ ਤਕਲੀਫ਼ ਨਹੀਂ ਦੱਸਦੇ ਕਿ ਲੋਕ ਕੀ ਕਹਿਣਗੇ। ਕੋਈ ਕਮਜ਼ੋਰ ਸਮਝੇਗਾ, ਕੋਈ ਮਜ਼ਾਕ ਬਣਾਏਗਾ ਅਤੇ ਕੋਈ ਕਹਿ ਦੇਵੇਗਾ— ਤੇਰੇ ਕੋਲ ਤਾਂ ਸਭ ਕੁਝ ਹੈ, ਤੈਨੂੰ ਕਿਸ ਗੱਲ ਦੀ ਚਿੰਤਾ ਹੈ ?

ਕਈ ਵਾਰ ਰਾਤ ਨੂੰ ਸਾਰਾ ਘਰ ਸੁੱਤਾ ਹੁੰਦਾ ਹੈ। ਚਾਰੇ ਪਾਸੇ ਚੁੱਪ ਹੁੰਦੀ ਹੈ, ਪਰ ਮਨ ਅੰਦਰ ਵਿਚਾਰਾਂ ਦਾ ਸ਼ੋਰ ਚੱਲ ਰਿਹਾ ਹੁੰਦਾ ਹੈ। ਕੋਈ ਖਾਸ ਦੁੱਖ ਵੀ ਨਹੀਂ ਹੁੰਦਾ, ਫਿਰ ਵੀ ਦਿਲ ਭਾਰਾ ਜਿਹਾ ਲੱਗਦਾ ਹੈ। ਮਨੁੱਖ ਆਪਣੇ ਆਪ ਨੂੰ ਪੁੱਛਦਾ ਹੈ— ਮੇਰੇ ਕੋਲ ਤਾਂ ਸਭ ਕੁਝ ਹੈ, ਫਿਰ ਮੈਨੂੰ ਕੀ ਹੋਇਆ ਹੈ ?

ਬਚਪਨ ਤੋਂ ਹੀ ਸਾਨੂੰ ਅੱਗੇ ਵਧਣਾ ਸਿਖਾਇਆ ਜਾਂਦਾ ਹੈ। ਚੰਗੇ ਨੰਬਰ ਲੈਣੇ ਹਨ, ਵਧੀਆ ਪੜ੍ਹਾਈ ਕਰਨੀ ਹੈ, ਚੰਗੀ ਨੌਕਰੀ ਲੈਣੀ ਹੈ, ਪੈਸਾ ਕਮਾਉਣਾ ਹੈ, ਘਰ ਬਣਾਉਣਾ ਹੈ ਅਤੇ ਜੀਵਨ ਵਿੱਚ ਕਾਮਯਾਬ ਹੋਣਾ ਹੈ। ਇਨ੍ਹਾਂ ਵਿੱਚੋਂ ਕੁਝ ਵੀ ਗਲਤ ਨਹੀਂ। ਸੁਪਨੇ ਦੇਖਣਾ ਅਤੇ ਉਨ੍ਹਾਂ ਲਈ ਮਿਹਨਤ ਕਰਨੀ ਜ਼ਿੰਦਗੀ ਦਾ ਹਿੱਸਾ ਹੈ। ਸਮੱਸਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਅਸੀਂ ਆਪਣੀ ਖੁਸ਼ੀ ਨੂੰ ਹਰ ਵਾਰ ਅਗਲੀ ਪ੍ਰਾਪਤੀ ਨਾਲ ਜੋੜ ਦਿੰਦੇ ਹਾਂ।

ਇਹ ਨੌਕਰੀ ਮਿਲ ਜਾਵੇ ਤਾਂ ਮੈਂ ਖੁਸ਼ ਹੋਵਾਂਗਾ।

ਆਪਣਾ ਘਰ ਬਣ ਜਾਵੇ ਤਾਂ ਸਕੂਨ ਆ ਜਾਵੇਗਾ।

ਥੋੜ੍ਹੇ ਹੋਰ ਪੈਸੇ ਹੋ ਜਾਣ ਤਾਂ ਜ਼ਿੰਦਗੀ ਵਧੀਆ ਹੋ ਜਾਵੇਗੀ।

ਪਰ ਜਦੋਂ ਇੱਕ ਮੰਜ਼ਿਲ ਮਿਲ ਜਾਂਦੀ ਹੈ, ਅਸੀਂ ਕੁਝ ਸਮੇਂ ਬਾਅਦ ਦੂਜੀ ਵੱਲ ਦੌੜਨਾ ਸ਼ੁਰੂ ਕਰ ਦਿੰਦੇ ਹਾਂ। ਇਸ ਤਰ੍ਹਾਂ ਕਈ ਵਾਰ ਸਾਰੀ ਉਮਰ ਜਦੋਂ ਇਹ ਹੋਵੇਗਾ, ਉਦੋਂ ਖੁਸ਼ ਹੋਵਾਂਗੇ ਵਿੱਚ ਹੀ ਲੰਘ ਜਾਂਦੀ ਹੈ।

ਅੱਜ ਦੇ ਸਮੇਂ ਦੀ ਇੱਕ ਅਜੀਬ ਸੱਚਾਈ ਇਹ ਵੀ ਹੈ ਕਿ ਅਸੀਂ ਪਹਿਲਾਂ ਨਾਲੋਂ ਕਿਤੇ ਵੱਧ ਲੋਕਾਂ ਨਾਲ ਜੁੜੇ ਹੋਏ ਹਾਂ, ਪਰ ਕਈ ਵਾਰ ਪਹਿਲਾਂ ਨਾਲੋਂ ਵੱਧ ਇਕੱਲੇ ਵੀ ਹਾਂ। ਫ਼ੋਨ ਵਿੱਚ ਸੈਂਕੜੇ ਨੰਬਰ ਹਨ। ਸੋਸ਼ਲ ਮੀਡੀਆ ਉੱਤੇ ਸੈਂਕੜੇ ਜਾਂ ਹਜ਼ਾਰਾਂ ਲੋਕ ਜੁੜੇ ਹਨ। ਹਰ ਰੋਜ਼ ਸੁਨੇਹੇ ਆਉਂਦੇ ਹਨ। ਫਿਰ ਵੀ ਜਦੋਂ ਰਾਤ ਨੂੰ ਮਨ ਬਹੁਤ ਭਾਰਾ ਹੋਵੇ ਤਾਂ ਕਈ ਵਾਰ ਇਹ ਸੋਚਣਾ ਪੈਂਦਾ ਹੈ— ਮੈਂ ਆਪਣੀ ਅਸਲੀ ਗੱਲ ਕਿਸ ਨੂੰ ਦੱਸਾਂ ?

ਇੱਕੋ ਘਰ ਵਿੱਚ ਚਾਰ ਲੋਕ ਬੈਠੇ ਹੋ ਸਕਦੇ ਹਨ, ਪਰ ਚਾਰਾਂ ਦੀਆਂ ਅੱਖਾਂ ਵੱਖ-ਵੱਖ ਸਕਰੀਨਾਂ ਉੱਤੇ ਟਿਕੀਆਂ ਹੁੰਦੀਆਂ ਹਨ। ਇਕੱਠੇ ਖਾਣਾ ਖਾਣਾ, ਦਿਨ ਭਰ ਦੀਆਂ ਗੱਲਾਂ ਸਾਂਝੀਆਂ ਕਰਨਾ, ਬਜ਼ੁਰਗਾਂ ਕੋਲ ਬੈਠਣਾ, ਬੱਚਿਆਂ ਦੀਆਂ ਛੋਟੀਆਂ-ਛੋਟੀਆਂ ਗੱਲਾਂ ਸੁਣਨਾ—ਇਹ ਸਭ ਹੌਲੀ-ਹੌਲੀ ਘੱਟ ਹੁੰਦਾ ਜਾ ਰਿਹਾ ਹੈ।

ਮਨੁੱਖ ਨੂੰ ਸਿਰਫ਼ ਲੋਕਾਂ ਦੀ ਮੌਜੂਦਗੀ ਨਹੀਂ ਚਾਹੀਦੀ। ਉਸ ਨੂੰ ਇਹ ਅਹਿਸਾਸ ਚਾਹੀਦਾ ਹੈ ਕਿ ਕੋਈ ਉਸ ਨੂੰ ਸੁਣ ਰਿਹਾ ਹੈ, ਕੋਈ ਉਸ ਨੂੰ ਸਮਝ ਰਿਹਾ ਹੈ ਅਤੇ ਕਿਸੇ ਲਈ ਉਸ ਦੀ ਮੌਜੂਦਗੀ ਮਾਇਨੇ ਰੱਖਦੀ ਹੈ।

ਤੇਰੇ ਕੋਲ ਤਾਂ ਸਭ ਕੁਝ ਹੈ, ਤੈਨੂੰ ਕੀ ਦੁੱਖ ਹੈ?

ਇਹ ਇੱਕ ਅਜਿਹਾ ਵਾਕ ਹੈ ਜੋ ਕਈ ਵਾਰ ਕਿਸੇ ਦੁਖੀ ਮਨ ਨੂੰ ਹੋਰ ਵੀ ਚੁੱਪ ਕਰ ਦਿੰਦਾ ਹੈ।

ਮੰਨ ਲਓ ਇੱਕ ਵਿਅਕਤੀ ਕੋਲ ਚੰਗੀ ਨੌਕਰੀ ਹੈ, ਆਪਣਾ ਘਰ ਹੈ ਅਤੇ ਆਰਥਿਕ ਤੌਰ 'ਤੇ ਵੀ ਕੋਈ ਵੱਡੀ ਸਮੱਸਿਆ ਨਹੀਂ। ਪਰ ਉਹ ਕਈ ਹਫ਼ਤਿਆਂ ਤੋਂ ਅੰਦਰੋਂ ਉਦਾਸ ਮਹਿਸੂਸ ਕਰ ਰਿਹਾ ਹੈ। ਕਿਸੇ ਕੰਮ ਵਿੱਚ ਦਿਲ ਨਹੀਂ ਲੱਗਦਾ। ਇੱਕ ਦਿਨ ਹਿੰਮਤ ਕਰਕੇ ਉਹ ਕਿਸੇ ਆਪਣੇ ਨੂੰ ਕਹਿੰਦਾ ਹੈ— ਪਤਾ ਨਹੀਂ ਕਿਉਂ, ਅੱਜਕੱਲ੍ਹ ਮਨ ਬਹੁਤ ਉਦਾਸ ਰਹਿੰਦਾ ਹੈ।

ਅੱਗੋਂ ਜਵਾਬ ਮਿਲਦਾ ਹੈ— ਤੈਨੂੰ ਕੀ ਘਾਟ ਹੈ ? ਤੇਰੇ ਕੋਲ ਤਾਂ ਸਭ ਕੁਝ ਹੈ। ਹੋ ਸਕਦਾ ਹੈ ਉਸ ਤੋਂ ਬਾਅਦ ਉਹ ਦੁਬਾਰਾ ਆਪਣੀ ਗੱਲ ਹੀ ਨਾ ਕਰੇ।

ਅਸੀਂ ਅਕਸਰ ਮਨ ਦੀ ਤਕਲੀਫ਼ ਨੂੰ ਬਾਹਰੀ ਹਾਲਾਤਾਂ ਨਾਲ ਤੋਲਣ ਦੀ ਕੋਸ਼ਿਸ਼ ਕਰਦੇ ਹਾਂ। ਪਰ ਮਨੁੱਖੀ ਮਨ ਇੰਨਾ ਸਧਾਰਨ ਨਹੀਂ।

ਚੰਗਾ ਘਰ ਇਕੱਲੇਪਣ ਤੋਂ ਬਚਾਉਣ ਦੀ ਗਾਰੰਟੀ ਨਹੀਂ। ਪੈਸਾ ਹਰ ਚਿੰਤਾ ਨੂੰ ਖ਼ਤਮ ਨਹੀਂ ਕਰਦਾ। ਕਾਮਯਾਬੀ ਮਨ ਦੀ ਸ਼ਾਂਤੀ ਦੀ ਗਾਰੰਟੀ ਨਹੀਂ ਅਤੇ ਮੁਸਕਰਾਉਂਦਾ ਚਿਹਰਾ ਹਮੇਸ਼ਾ ਖੁਸ਼ ਮਨ ਦੀ ਨਿਸ਼ਾਨੀ ਨਹੀਂ ਹੁੰਦਾ।

ਮਨ ਨੂੰ ਵੀ ਆਰਾਮ ਚਾਹੀਦਾ ਹੈ

ਅਸੀਂ ਸਰੀਰ ਦੀ ਥਕਾਵਟ ਨੂੰ ਤਾਂ ਸਮਝਦੇ ਹਾਂ। ਸਾਰਾ ਦਿਨ ਕੰਮ ਕਰਨ ਤੋਂ ਬਾਅਦ ਕਹਿੰਦੇ ਹਾਂ, ਅੱਜ ਸਰੀਰ ਬਹੁਤ ਥੱਕ ਗਿਆ।

ਕਦੇ ਆਪਣੇ ਆਪ ਤੋਂ ਵੀ ਪੁੱਛਣਾ ਚਾਹੀਦਾ ਹੈ:-

ਮੈਂ ਕਿਵੇਂ ਹਾਂ ?

ਕੀ ਮੈਂ ਸੱਚਮੁੱਚ ਖੁਸ਼ ਹਾਂ ?

ਮੈਂ ਕਿਸ ਗੱਲ ਤੋਂ ਥੱਕਿਆ ਹੋਇਆ ਹਾਂ ?

ਮੈਨੂੰ ਇਸ ਵੇਲੇ ਕਿਸ ਚੀਜ਼ ਦੀ ਸਭ ਤੋਂ ਵੱਧ ਲੋੜ ਹੈ ?

ਹਰ ਉਦਾਸੀ ਮਾਨਸਿਕ ਬਿਮਾਰੀ ਨਹੀਂ ਹੁੰਦੀ, ਪਰ ਲੰਮੇ ਸਮੇਂ ਤੱਕ ਰਹਿਣ ਵਾਲੀ ਉਦਾਸੀ, ਖਾਲੀਪਣ ਜਾਂ ਰੋਜ਼ਾਨਾ ਕੰਮਾਂ ਵਿੱਚ ਦਿਲਚਸਪੀ ਘਟਣ ਵਰਗੀਆਂ ਭਾਵਨਾਵਾਂ ਨੂੰ ਅਣਡਿੱਠਾ ਵੀ ਨਹੀਂ ਕਰਨਾ ਚਾਹੀਦਾ। ਜੇ ਮਨ ਦੀ ਹਾਲਤ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਨ ਲੱਗੇ, ਤਾਂ ਕਿਸੇ ਭਰੋਸੇਯੋਗ ਵਿਅਕਤੀ ਨਾਲ ਗੱਲ ਕਰਨ ਅਤੇ ਲੋੜ ਪੈਣ 'ਤੇ ਮਾਨਸਿਕ ਸਿਹਤ ਦੇ ਮਾਹਿਰ ਦੀ ਮਦਦ ਲੈਣ ਵਿੱਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

ਜਿਵੇਂ ਸਰੀਰ ਬਿਮਾਰ ਹੋਣ 'ਤੇ ਇਲਾਜ ਦੀ ਲੋੜ ਹੋ ਸਕਦੀ ਹੈ, ਉਸੇ ਤਰ੍ਹਾਂ ਮਨ ਨੂੰ ਵੀ ਕਦੇ ਸਹਾਰੇ ਅਤੇ ਮਦਦ ਦੀ ਲੋੜ ਪੈ ਸਕਦੀ ਹੈ।

ਪਰ ਮਨ ਦੀ ਥਕਾਵਟ ?

ਉਸ ਨੂੰ ਅਸੀਂ ਕਈ ਵਾਰ ਪਛਾਣ ਹੀ ਨਹੀਂ ਪਾਉਂਦੇ।

ਹਰ ਵੇਲੇ ਕੁਝ ਨਾ ਕੁਝ ਸੋਚਦੇ ਰਹਿਣਾ, ਭਵਿੱਖ ਦੀ ਚਿੰਤਾ, ਪੈਸੇ ਦੀ ਫਿਕਰ, ਰਿਸ਼ਤਿਆਂ ਦੀਆਂ ਉਲਝਣਾਂ, ਬੱਚਿਆਂ ਦੀ ਚਿੰਤਾ, ਕੰਮ ਦਾ ਦਬਾਅ ਅਤੇ ਦੂਜਿਆਂ ਦੀਆਂ ਉਮੀਦਾਂ—ਇਹ ਸਭ ਵੀ ਮਨ ਨੂੰ ਥਕਾ ਸਕਦੇ ਹਨ।

ਇਸ ਲਈ ਕਈ ਵਾਰ ਸਾਨੂੰ ਕੁਝ ਨਵਾਂ ਹਾਸਲ ਕਰਨ ਦੀ ਨਹੀਂ, ਸਗੋਂ ਕੁਝ ਪਲ ਰੁਕਣ ਦੀ ਲੋੜ ਹੁੰਦੀ ਹੈ।

ਕਦੇ ਪਰਿਵਾਰ ਨਾਲ ਬਿਨਾਂ ਫ਼ੋਨ ਦੇ ਚਾਹ ਪੀ ਕੇ ਦੇਖੋ। ਕਿਸੇ ਪੁਰਾਣੇ ਦੋਸਤ ਨੂੰ ਬਿਨਾਂ ਕਿਸੇ ਕੰਮ ਤੋਂ ਫ਼ੋਨ ਕਰੋ। ਮਾਪਿਆਂ ਕੋਲ ਬੈਠ ਕੇ ਉਨ੍ਹਾਂ ਦੀਆਂ ਪੁਰਾਣੀਆਂ ਗੱਲਾਂ ਸੁਣੋ। ਬੱਚਿਆਂ ਨਾਲ ਬੱਚੇ ਬਣ ਕੇ ਹੱਸੋ। ਕੁਦਰਤ ਵਿੱਚ ਕੁਝ ਸਮਾਂ ਬਿਤਾਓ।

ਇਹ ਛੋਟੀਆਂ ਗੱਲਾਂ ਸ਼ਾਇਦ ਸੋਸ਼ਲ ਮੀਡੀਆ ਉੱਤੇ ਦਿਖਾਉਣ ਲਈ ਬਹੁਤ ਵੱਡੀਆਂ ਨਾ ਹੋਣ, ਪਰ ਮਨ ਨੂੰ ਭਰਨ ਲਈ ਬਹੁਤ ਵੱਡੀਆਂ ਹੋ ਸਕਦੀਆਂ ਹਨ।

ਅਖ਼ੀਰ ਵਿੱਚ

ਜ਼ਿੰਦਗੀ ਵਿੱਚ ਸੁਪਨੇ ਹੋਣੇ ਚਾਹੀਦੇ ਹਨ। ਚੰਗਾ ਘਰ, ਚੰਗੀ ਨੌਕਰੀ, ਪੈਸਾ ਅਤੇ ਸਹੂਲਤਾਂ ਹਾਸਲ ਕਰਨ ਵਿੱਚ ਕੁਝ ਵੀ ਗਲਤ ਨਹੀਂ। ਪਰ ਇਸ ਸਭ ਦੀ ਦੌੜ ਵਿੱਚ ਜੇ ਮਨ ਦਾ ਸਕੂਨ ਹੀ ਗੁਆਚ ਜਾਵੇ ਤਾਂ ਇੱਕ ਵਾਰ ਰੁਕ ਕੇ ਸੋਚਣਾ ਜ਼ਰੂਰੀ ਹੈ।

ਘਰ ਵੱਡਾ ਹੋਵੇ, ਪਰ ਉਸ ਵਿੱਚ ਦਿਲ ਦੀ ਗੱਲ ਕਰਨ ਵਾਲਾ ਕੋਈ ਨਾ ਹੋਵੇ; ਬੈਂਕ ਖਾਤਾ ਭਰਿਆ ਹੋਵੇ, ਪਰ ਮਨ ਖਾਲੀ ਹੋਵੇ; ਫ਼ੋਨ ਵਿੱਚ ਸੈਂਕੜੇ ਸੰਪਰਕ ਹੋਣ, ਪਰ ਦੁੱਖ ਵੇਲੇ ਫ਼ੋਨ ਕਰਨ ਲਈ ਕੋਈ ਯਾਦ ਨਾ ਆਵੇ—ਤਾਂ ਸ਼ਾਇਦ ਸਾਨੂੰ ਹੋਰ ਚੀਜ਼ਾਂ ਨਹੀਂ, ਹੋਰ ਆਪਣੇਪਣ ਦੀ ਲੋੜ ਹੈ।

ਖੁਸ਼ੀ ਹਰ ਵਾਰ ਕਿਸੇ ਵੱਡੀ ਪ੍ਰਾਪਤੀ ਵਿੱਚ ਨਹੀਂ ਮਿਲਦੀ। ਕਈ ਵਾਰ ਇਹ ਮਾਂ-ਪਿਉ ਨਾਲ ਕੀਤੀ ਇੱਕ ਲੰਮੀ ਗੱਲ ਵਿੱਚ ਹੁੰਦੀ ਹੈ, ਬੱਚੇ ਦੀ ਹਾਸੀ ਵਿੱਚ ਹੁੰਦੀ ਹੈ, ਕਿਸੇ ਆਪਣੇ ਦੇ ਕੋਲ ਬੈਠਣ ਵਿੱਚ ਹੁੰਦੀ ਹੈ ਜਾਂ ਉਸ ਪਲ ਵਿੱਚ ਹੁੰਦੀ ਹੈ ਜਦੋਂ ਅਸੀਂ ਆਪਣੇ ਆਪ ਨਾਲ ਸੰਤੁਸ਼ਟ ਹੁੰਦੇ ਹਾਂ।

ਕਈ ਵਾਰ ਖਾਲੀ ਘਰ ਨੂੰ ਭਰਨ ਲਈ ਚੀਜ਼ਾਂ ਦੀ ਲੋੜ ਹੁੰਦੀ ਹੈ, ਪਰ ਖਾਲੀ ਮਨ ਨੂੰ ਭਰਨ ਲਈ ਆਪਣੇਪਣ, ਗੱਲਬਾਤ, ਪਿਆਰ ਅਤੇ ਸਕੂਨ ਦੀ।

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ

Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Gurprit Gill (Sony)
Midwest Truck Parts
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ

ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।

• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141

ਚਹਿਲਾਂ ਦੇ ਮਹਾਂਪੁਰਖ ਬਾਬਾ ਜੋਗੀ ਪੀਰ ਜੀ



ਡਾ. ਅਮਨਦੀਪ ਕੌਰ
ਮੋ-8968192706

ਬਾਬਾ ਜੋਗੀ ਪੀਰ ਜੀ ਚਹਿਲ ਭਾਈਚਾਰੇ ਦੇ ਪ੍ਰਸਿੱਧ ਮਹਾਂਪੁਰਖਾਂ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਪੀੜ੍ਹੀਆਂ ਤੋਂ ਚਹਿਲ ਭਾਈਚਾਰੇ ਵਿੱਚ ਉਨ੍ਹਾਂ ਦਾ ਨਾਮ ਬੜੇ ਮਾਣ, ਸਤਿਕਾਰ ਅਤੇ ਸ਼ਰਧਾ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੀ ਯਾਦ ਵਿੱਚ ਮਾਨਸਾ ਜ਼ਿਲ੍ਹੇ ਦੇ ਪਿੰਡ ਭੁਪਾਲ ਵਿਖੇ ਬਣੀ ਵਿਸ਼ਾਲ ਬੁਲੰਦ ਅੱਜ ਵੀ ਭਾਈਚਾਰੇ ਦੀ ਆਸਥਾ ਦਾ ਪ੍ਰਮੁੱਖ ਕੇਂਦਰ ਹੈ, ਜਿੱਥੇ ਸਾਲ ਵਿੱਚ ਦੋ ਵਾਰ ਵੱਡਾ ਮੇਲਾ ਭਰਦਾ ਹੈ। ਬਾਬਾ ਜੋਗੀ ਪੀਰ ਜੀ ਕੌਣ ਸਨ, ਉਨ੍ਹਾਂ ਦਾ ਜਨਮ ਕਿੱਥੇ ਹੋਇਆ, ਉਨ੍ਹਾਂ ਦੀ ਕਰਮ-ਭੂਮੀ ਕਿਹੜੀ ਸੀ ਅਤੇ ਉਨ੍ਹਾਂ ਦਾ ਸਮਾਂ ਕਿਹੜਾ ਸੀ—ਇਨ੍ਹਾਂ ਸਵਾਲਾਂ ਬਾਰੇ ਵੱਖ-ਵੱਖ ਲੋਕ-ਰਵਾਇਤਾਂ ਅਤੇ ਲਿਖਤੀ ਵੇਰਵੇ ਮਿਲਦੇ ਹਨ। ਉਨ੍ਹਾਂ ਦੇ ਜੀਵਨ ਅਤੇ ਚਹਿਲ ਭਾਈਚਾਰੇ ਦੇ ਮੁੱਢ ਨਾਲ ਜੁੜੇ ਕਈ ਪੱਖ ਅੱਜ ਵੀ ਇਤਿਹਾਸ ਦੀਆਂ ਪਰਤਾਂ ਵਿੱਚ ਸਮਾਏ ਹੋਏ ਹਨ। ਫਿਰ ਵੀ ਲੋਕ-ਰਵਾਇਤਾਂ, ਸਾਖੀਆਂ ਅਤੇ ਪੀੜ੍ਹੀ-ਦਰ-ਪੀੜ੍ਹੀ ਚੱਲੀ ਆ ਰਹੀ ਸ਼ਰਧਾ ਨੇ ਬਾਬਾ ਜੋਗੀ ਪੀਰ ਜੀ ਦੀ ਯਾਦ ਨੂੰ ਅੱਜ ਤੱਕ ਜੀਵੰਤ ਰੱਖਿਆ ਹੋਇਆ ਹੈ।

ਇੱਕ ਰਵਾਇਤ ਅਨੁਸਾਰ ਬਾਬਾ ਜੋਗੀ ਪੀਰ ਜੀ ਦਾ ਨਾਮ ਜੋਗਾ ਸੀ ਅਤੇ ਕਈ ਥਾਵਾਂ 'ਤੇ ਉਨ੍ਹਾਂ ਨੂੰ 'ਜੋਗਾ ਚਹਿਲ' ਵੀ ਕਿਹਾ ਗਿਆ ਹੈ। ਲੋਕ-ਯਾਦ ਵਿੱਚ ਜੋਗਾ ਇੱਕ ਸੂਰਬੀਰ ਯੋਧੇ ਵਜੋਂ ਸਾਹਮਣੇ ਆਉਂਦੇ ਹਨ, ਜਿਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਘੋੜਸਵਾਰੀ ਅਤੇ ਯੁੱਧ ਕਲਾ ਦੀ ਸਿਖਲਾਈ ਮਿਲੀ। ਖ਼ਾਸ ਕਰਕੇ ਘੋੜੇ 'ਤੇ ਸਵਾਰ ਹੋ ਕੇ ਬਰਛੀ ਨਾਲ ਲੜਨ ਵਿੱਚ ਉਨ੍ਹਾਂ ਦੀ ਨਿਪੁੰਨਤਾ ਦਾ ਜ਼ਿਕਰ ਮਿਲਦਾ ਹੈ। ਇੱਕ ਕਾਲੇ ਕੁੱਤੇ ਨੂੰ ਵੀ ਉਨ੍ਹਾਂ ਦੇ ਸਾਥੀ ਵਜੋਂ ਯਾਦ ਕੀਤਾ ਜਾਂਦਾ ਹੈ। ਇੱਕ ਹੋਰ ਰਵਾਇਤ ਬਾਬਾ ਜੀ ਦੇ ਸਮੇਂ ਨੂੰ ਲਗਭਗ 700ਸਾਲ ਪਹਿਲਾਂ, ਕਰੀਬ ਸੰਨ 1300 ਨਾਲ ਜੋੜਦੀ ਹੈ। ਉਸ ਸਮੇਂ ਮੌਜੂਦਾ ਮਾਨਸਾ ਅਤੇ ਆਲੇ-ਦੁਆਲੇ ਦੇ ਖੇਤਰ ਵਿੱਚ ਚਹਿਲਾਂ ਦੀ ਆਪਣੀ ਰਿਆਸਤ ਹੋਣ ਦੀ ਗੱਲ ਕਹੀ ਜਾਂਦੀ ਹੈ, ਜਿਸ ਨਾਲ ਜੋਗਾ ਅਤੇ ਰੱਲਾ ਦਾ ਵਿਸ਼ੇਸ਼ ਸਬੰਧ ਮੰਨਿਆ ਜਾਂਦਾ ਹੈ।

ਲੋਕ-ਰਵਾਇਤ ਵਿੱਚ ਬਾਬਾ ਜੀ ਦੇ ਪਿਤਾ ਦਾ ਨਾਮ ਵਿਜੇ ਪਾਲ ਅਤੇ ਦਾਦਾ ਦਾ ਨਾਮ ਰਾਣਾ ਘੰਗ ਦੱਸਿਆ ਜਾਂਦਾ ਹੈ। ਵਿਜੇ ਪਾਲ ਨੂੰ ਰਾਜ-ਭਾਗ ਵਿੱਚ ਹਿੱਸਾ ਨਾ ਮਿਲਣ ਅਤੇ ਇੱਕ ਫਕੀਰ ਕੋਲ ਰਹਿਣ ਦੀ ਕਥਾ ਵੀ ਇਸੇ ਪਰੰਪਰਾ ਦਾ ਹਿੱਸਾ ਹੈ। ਇਸ ਕਥਾ ਵਿੱਚ ਇੱਕ ਪਰੀ ਨਾਲ ਉਨ੍ਹਾਂ ਦੇ ਵਿਆਹ ਦਾ ਜ਼ਿਕਰ ਆਉਂਦਾ ਹੈ। ਚਹਿਲਾਂ ਦੇ ਮੁੱਢ ਨਾਲ ਜੁੜੀ ਇੱਕ ਹੋਰ ਲੋਕ-ਕਥਾ 'ਤਲੋਤਨਾ ਪਰੀ' ਦਾ ਜ਼ਿਕਰ ਕਰਦੀ ਹੈ। ਇਹ ਵੇਰਵੇ ਪ੍ਰਮਾਣਿਤ ਇਤਿਹਾਸ ਨਾਲੋਂ ਵਧੇਰੇ ਲੋਕ-ਸਮ੍ਰਿਤੀ ਅਤੇ ਵਿਸ਼ਵਾਸ ਦਾ ਹਿੱਸਾ ਹਨ। ਲੋਕ-ਕਥਾ ਅਨੁਸਾਰ ਚੇਤ ਦੀ ਮੱਸਿਆ ਤੋਂ ਚਾਰ ਦਿਨ ਬਾਅਦ ਵਿਜੇ ਪਾਲ ਦੇ ਘਰ ਬਾਬਾ ਜੀ ਦਾ ਜਨਮ ਹੋਇਆ ਅਤੇ ਬਚਪਨ ਵਿੱਚ ਉਨ੍ਹਾਂ ਨੂੰ ਰਾਣਾ ਜੋਗਾ ਕਿਹਾ ਜਾਂਦਾ ਸੀ। ਉਨ੍ਹਾਂ ਦੇ ਬਚਪਨ ਨਾਲ ਜੁੜੀ ਇੱਕ ਸਾਥੀ ਅਨੁਸਾਰ ਮਾਲ-ਡੰਗਰ ਚਾਰਦੇ ਸਮੇਂ ਉਹ ਇੱਕ ਦਰੱਖਤ ਹੇਠ ਸੌਂ ਗਏ। ਦਿਨ ਚੜ੍ਹਨ ਨਾਲ ਆਲੇ-ਦੁਆਲੇ ਦੀਆਂ ਛਾਵਾਂ ਬਦਲਦੀਆਂ ਰਹੀਆਂ, ਪਰ ਉਨ੍ਹਾਂ ਉੱਪਰ ਦਰੱਖਤ ਦੀ ਛਾਂ ਬਣੀ ਰਹੀ। ਲੋਕਾਂ ਨੇ ਇਸ ਨੂੰ ਉਨ੍ਹਾਂ ਦੀ ਵਿਸ਼ੇਸ਼ਤਾ ਦੀ ਨਿਸ਼ਾਨੀ ਮੰਨਿਆ।ਰਾਜ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ ਰਾਣਾ ਜੋਗਾ ਵੱਲੋਂ ਪਠਾਣਾਂ ਨੂੰ ਦਿੱਤਾ ਜਾਣ ਵਾਲਾ ਮਾਮਲਾ ਬੰਦ ਕਰਨ ਦੀ ਰਵਾਇਤ ਮਿਲਦੀ ਹੈ। ਇਸ ਕਾਰਨ ਪਠਾਣ ਰਿਆਸਤਾਂ ਨਾਲ ਟਕਰਾਅ ਵਧਿਆ ਅਤੇ ਅੰਤ ਵਿੱਚ ਫੌਜੀ ਮੁਕਾਬਲਾ ਹੋਇਆ। ਲੋਕ-ਰਵਾਇਤ ਵਿੱਚ ਨਜਾਕਤ ਖਾਂ, ਹਲਪਤ ਖਾਂ, ਮਾਦੂਖ ਅਤੇ ਰੁਸਤਮ ਖਾਂ ਦੇ ਨਾਂ ਇਸ ਸੰਘਰਸ਼ ਨਾਲ ਜੋੜੇ ਜਾਂਦੇ ਹਨ, ਜਦਕਿ ਰਾਣਾ ਜੋਗਾ ਦੇ ਪੱਖ ਤੋਂ ਮਾਹਰੀ ਚੰਦ ਅਤੇ ਫੱਤਾ ਦਾ ਜ਼ਿਕਰ ਮਿਲਦਾ ਹੈ। ਲੋਕ-ਗਾਥਾ ਅਨੁਸਾਰ ਘਮਸਾਨ ਦੀ ਲੜਾਈ ਦੌਰਾਨ ਰਾਣਾ ਜੋਗਾ ਦਾ ਸੀਸ ਧੜ ਤੋਂ ਵੱਖ ਹੋ ਗਿਆ, ਪਰ ਉਨ੍ਹਾਂ ਦਾ ਧੜ ਜੰਗ ਵਿੱਚ ਲੜਦਾ ਰਿਹਾ। ਇਸ ਤੋਂ ਘਬਰਾ ਕੇ ਪਿੱਛੇ ਹਟਦੇ ਪਠਾਣਾਂ ਨਾਲ ਇਹ



ਬੋਲ ਜੋੜੇ ਜਾਂਦੇ ਹਨ— ਜੋਗਿਆ ਨਾ ਮਾਰੀ, ਅਸੀਂ ਤੈਨੂੰ ਪੀਰ ਕਰਕੇ ਮੰਨਾਂਗੇ। ਲੋਕ-ਪਰੰਪਰਾ ਵਿੱਚ ਇਸ ਘਟਨਾ ਨੂੰ ਹੀ ਰਾਣਾ ਜੋਗਾ ਦੇ 'ਬਾਬਾ ਜੋਗੀ ਪੀਰ' ਵਜੋਂ ਪ੍ਰਸਿੱਧ ਹੋਣ ਨਾਲ ਜੋੜਿਆ ਜਾਂਦਾ ਹੈ।

ਚਹਿਲ ਗੋਤ ਦੇ ਮੁੱਢ ਬਾਰੇ ਵੀ ਵੱਖ-ਵੱਖ ਧਾਰਨਾਵਾਂ ਮਿਲਦੀਆਂ ਹਨ। ਕੁਝ ਰਵਾਇਤਾਂ ਚਹਿਲਾਂ ਦਾ ਸਬੰਧ ਚੌਹਾਨ ਵੰਸ਼ ਅਤੇ ਅਜਮੇਰ-ਹਿਸਾਰ ਦੇ ਖੇਤਰ ਨਾਲ ਜੋੜਦੀਆਂ ਹਨ, ਜਦਕਿ ਕੁਝ ਉਨ੍ਹਾਂ ਦੀਆਂ ਜੜ੍ਹਾਂ ਬੀਕਾਨੇਰ ਅਤੇ ਰਾਜਸਥਾਨ ਵੱਲ ਦੱਸਦੀਆਂ ਹਨ। ਕੁਝ ਲਿਖਤਾਂ ਚਹਿਲਾਂ ਨੂੰ ਸੂਰਜਵੰਸ਼ੀ ਵੀ ਮੰਨਦੀਆਂ ਹਨ। ਇੱਕ ਹੋਰ ਰਵਾਇਤ ਅਨੁਸਾਰ ਚਹਿਲ ਤੰਵਰ ਵੰਸ਼ ਦੇ ਰਾਜਾ ਰਿੱਖ ਦੀ ਵੰਸ਼-ਪਰੰਪਰਾ ਵਿੱਚੋਂ ਸਨ। ਕਿਹਾ ਜਾਂਦਾ ਹੈ ਕਿ ਇਹ ਵੰਸ਼ ਦੱਖਣ ਵੱਲੋਂ ਆ ਕੇ ਕਹਿਲੂਰ ਵਿੱਚ ਵੱਸਿਆ ਅਤੇ ਰਿੱਖ ਦੇ ਪੁੱਤਰ ਨੇ ਇੱਕ ਪਰੀ ਵਰਗੀ ਜੱਟੀ ਨਾਲ ਵਿਆਹ ਕਰਵਾਉਣ ਤੋਂ ਬਾਅਦ ਬਠਿੰਡੇ ਦੇ ਖੇਤਰ ਵਿੱਚ ਪੈਂਦੇ ਪਿੰਡ ਮੱਤੀ ਵਿੱਚ ਆ ਕੇ ਵਸੇਬਾ ਕੀਤਾ। ਇਸੇ ਵੰਸ਼ ਨੂੰ ਚਹਿਲ ਗੋਤ ਦੇ ਮੁੱਢ ਨਾਲ ਜੋੜਿਆ ਜਾਂਦਾ ਹੈ। ਚਹਿਲ ਗੋਤ ਦੀਆਂ ਕੁੜੀਆਂ ਦੀ ਸੁੰਦਰਤਾ ਬਾਰੇ ਵੀ ਪੁਰਾਣੀਆਂ ਲੋਕ-ਕਥਾਵਾਂ ਮਿਲਦੀਆਂ ਹਨ। ਇੱਕ ਲੋਕ-ਵਿਸ਼ਵਾਸ ਇਹ ਵੀ ਹੈ ਕਿ ਬਾਬਾ ਜੀ ਦੇ ਵਰਦਾਨ ਨਾਲ ਚਹਿਲ ਭਾਈਚਾਰੇ ਦੇ ਘਰ ਬੇਔਲਾਦ ਨਹੀਂ ਰਹਿੰਦੇ। ਇਨ੍ਹਾਂ ਵੱਖ-ਵੱਖ ਵਿਚਾਰਾਂ ਨੂੰ ਕਿਸੇ ਇੱਕ ਅੰਤਿਮ ਇਤਿਹਾਸਕ ਸੱਚ ਦੀ ਥਾਂ ਭਾਈਚਾਰੇ ਦੀ ਪੁਰਾਣੀ ਲੋਕ-ਯਾਦ ਅਤੇ ਵੰਸ਼-ਪਰੰਪਰਾ ਦੇ ਰੂਪ ਵਿੱਚ ਦੇਖਣਾ ਵਧੇਰੇ ਉਚਿਤ ਹੈ।

ਸਮੇਂ ਦੇ ਨਾਲ ਚਹਿਲ ਭਾਈਚਾਰੇ ਦੇ ਲੋਕ ਮਾਨਸਾ ਤੋਂ ਸੰਗਰੂਰ, ਮੋਗਾ, ਲੁਧਿਆਣਾ, ਦੁਆਬਾ ਅਤੇ ਮਾਝੇ ਤੱਕ ਜਾ ਵੱਸੇ। ਪੱਛਮੀ ਪੰਜਾਬ ਵਿੱਚ ਵੀ ਉਨ੍ਹਾਂ ਦੀ ਵਸੋਂ ਦਾ ਜ਼ਿਕਰ ਮਿਲਦਾ ਹੈ। ਇਸ ਸਭ ਦੇ ਬਾਵਜੂਦ ਜੋਗਾ-ਰੱਲਾ ਅਤੇ ਮਾਨਸਾ ਖੇਤਰ ਦਾ ਚਹਿਲ ਭਾਈਚਾਰੇ ਦੀਆਂ ਰਵਾਇਤਾਂ ਵਿੱਚ ਵਿਸ਼ੇਸ਼ ਸਥਾਨ ਬਣਿਆ ਰਿਹਾ। ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਨ 1665 ਦੀ ਮਾਲਵਾ ਫੇਰੀ ਸਮੇਂ ਭੀਖੀ ਖੇਤਰ ਵਿੱਚ ਗੀਂਡੇ ਅਤੇ ਦੇਸੂ ਚਹਿਲ ਦੀ ਸਥਾਨਕ ਚੌਧਰ ਹੋਣ ਦਾ ਜ਼ਿਕਰ ਵੀ ਮਿਲਦਾ ਹੈ। ਇੱਕ ਰਵਾਇਤ ਅਨੁਸਾਰ ਇਸੇ ਦੌਰ ਵਿੱਚ ਗੀਂਡੇ ਸਮੇਤ ਕਈ ਚਹਿਲਾਂ ਨੇ ਸਿੱਖੀ ਧਾਰਨ ਕੀਤੀ।

ਚਹਿਲ ਭਾਈਚਾਰੇ ਵਿੱਚ ਬਾਬਾ ਜੋਗੀ ਪੀਰ ਜੀ ਨੂੰ ਜਠੇਰੇ ਵਜੋਂ ਮੰਨਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਚੇਤਰ ਅਤੇ ਭਾਦਰੋਂ ਮਹੀਨਿਆਂ ਦੀ ਚਾਨਣੀ ਤੀਜ, ਚੌਥ ਅਤੇ ਪੰਚਮੀ ਮੌਕੇ ਪਿੰਡ ਭੁਪਾਲ ਵਿਖੇ ਬਾਬਾ ਜੀ ਦੀ ਯਾਦ ਵਿੱਚ ਮੇਲਾ ਲੱਗਦਾ ਹੈ। ਇੱਕ ਰਵਾਇਤ ਅਨੁਸਾਰ ਲਗਭਗ ਪੰਜ ਸੌ ਸਾਲ ਪਹਿਲਾਂ ਰਾਜਸਥਾਨ ਤੋਂ ਆਏ ਚਹਿਲ ਭਾਈਚਾਰੇ ਦੇ ਲੋਕ ਬਾਬਾ ਜੋਗੇ ਦੀ ਮਿੱਟੀ ਲਿਆਏ ਅਤੇ ਇੱਥੇ ਉਨ੍ਹਾਂ ਦੀ ਸਮਾਧ ਬਣਾਈ। ਬਾਬਾ ਜੀ ਦੀ ਬੁਲੰਦ ਨਾਲ ਵੀ ਕਈ ਲੋਕ-ਕਥਾਵਾਂ ਜੁੜੀਆਂ ਹਨ। ਇੱਕ ਕਥਾ ਬੀਕਾਨੇਰ ਦੇ ਇੱਕ ਸ਼ਾਹੂਕਾਰ ਨਾਲ ਸਬੰਧਤ ਹੈ, ਜਿਸ ਨੇ ਔਲਾਦ ਦੀ ਸੁੱਖਣਾ ਪੂਰੀ ਹੋਣ ਉਪਰੰਤ ਬਾਬਾ ਜੀ ਦੀ ਯਾਦ ਵਿੱਚ ਪੱਕਾ ਅਸਥਾਨ ਬਣਵਾਇਆ। ਬਾਅਦ ਵਿੱਚ ਪਟਿਆਲੇ ਦੀ ਮਹਾਰਾਣੀ ਨਾਲ ਵੀ ਪੁੱਤਰ ਦੀ ਸੁੱਖਣਾ ਪੂਰੀ ਹੋਣ 'ਤੇ ਤਿੰਨ ਮੰਜ਼ਿਲਾਂ ਵਾਲੀ ਬੁਲੰਦ ਦੀ ਸੇਵਾ ਕਰਵਾਉਣ ਦੀ ਰਵਾਇਤ ਜੋੜੀ ਜਾਂਦੀ ਹੈ। ਰਾਜਸਥਾਨੀ ਸ਼ੈਲੀ ਵਿੱਚ ਬਣੀ ਇਹ ਇਮਾਰਤ 'ਬਾਬੇ ਦੀ ਬੁਲੰਦ' ਦੇ ਨਾਂ ਨਾਲ ਜਾਣੀ ਜਾਂਦੀ ਹੈ।

ਬਾਬਾ ਜੀ ਪ੍ਰਤੀ ਸ਼ਰਧਾ ਚਹਿਲ ਭਾਈਚਾਰੇ ਦੀਆਂ ਪਰਿਵਾਰਕ ਰਸਮਾਂ ਵਿੱਚ ਵੀ ਦਿਖਾਈ ਦਿੰਦੀ ਹੈ। ਵਿਆਹ ਤੋਂ ਬਾਅਦ ਨਵੇਂ ਜੋੜੇ ਨੂੰ ਗੰਡਜੋੜੇ ਸਮੇਤ ਬਾਬਾ ਜੀ ਦੇ ਦਰ 'ਤੇ ਲਿਜਾਣ ਅਤੇ ਘਰ ਵਿੱਚ ਪੁੱਤਰ ਦੇ ਜਨਮ ਉਪਰੰਤ ਹਾਜ਼ਰੀ ਭਰਨ ਦੀ ਰਵਾਇਤ ਹੈ। ਸੁੱਖਣਾ ਪੂਰੀ ਹੋਣ 'ਤੇ ਗੁੜ ਦੀ ਪੇਲੀ, ਕੜਾਹ-ਪ੍ਰਸ਼ਾਦ, ਲੱਡੂ ਅਤੇ ਕੇਸਰੀ ਕੱਪੜਾ ਭੇਟ ਕੀਤਾ ਜਾਂਦਾ ਹੈ। ਇਸਤਰੀਆਂ ਬਾਬਾ ਜੀ ਨਾਲ ਸਬੰਧਿਤ ਲੋਕ-ਗੀਤ ਅਤੇ ਬੋਲੀਆਂ ਗਾ ਕੇ ਇਸ ਵਿਰਾਸਤ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਦੀਆਂ ਹਨ—

ਬਾਬਾ ਕੱਤਦੀ ਸੀ ਤੇਰੇ ਖੇਸ ਦਾ,ਬਾਬਾ ਹਾਕਮ ਕਿਹੜੇ ਦੇਸ਼ ਦਾ,
ਬਾਬਾ ਕੱਤਦੀ ਸੀ ਤੇਰੇ ਖੇਸ ਦਾ,ਬਾਬਾ ਹਾਕਮ ਚਹਿਲਾਂ ਦੇਸ਼ ਦਾ।
ਆਉਂਦੀ ਕੁੜੀਏ ਭਿਉਂ ਬੱਠਲਾਂ ਵਿਚ ਦਾਣਾ,
ਨੀ ਮੇਲੇ ਤਾਂ ਬਥੇਰੇ ਦੇਖ ਲਏ,
ਬਾਬਾ ਜੋਗੀ ਪੀਰ ਨੀ ਕਿਸੇ ਨੇ ਬਣ ਜਾਣਾ।
ਆਉਂਦੀ ਕੁੜੀਏ ਭਰ ਲਿਆ ਕਣਕ ਦੀ ਥਾਲੀ,
ਭੋਗ ਪੈਂਦਾ ਅਖੰਡ ਪਾਠ ਦਾ
ਸੱਦਾ ਦੇ ਗਈ ਝਾਂਜਰਾ ਵਾਲੀ।


ਚਹਿਲ ਭਾਈਚਾਰੇ ਦੀ ਲੋਕ-ਚੇਤਨਾ ਵਿੱਚ ਬਾਬਾ ਜੋਗੀ ਪੀਰ ਜੀ ਨੂੰ ਪੀਰ, ਜੋਗੀ, ਸੂਰਬੀਰ ਨਾਇਕ, ਰੱਖਿਅਕ ਅਤੇ ਮਹਾਨ ਸ਼ਹੀਦ ਦੇ ਰੂਪ ਵਿੱਚ ਸਤਿਕਾਰ ਮਿਲਿਆ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਭੁਪਾਲ ਨੇੜੇ ਰੱਲਾ ਵਿਖੇ ਸਥਿਤ ਉਨ੍ਹਾਂ ਦਾ ਪ੍ਰਮੁੱਖ ਅਸਥਾਨ ਅੱਜ ਵੀ ਭਾਈਚਾਰੇ ਦੀ ਸ਼ਰਧਾ ਦਾ ਕੇਂਦਰ ਹੈ। ਬਾਬਾ ਜੀ ਦੇ ਨਾਮ ਨਾਲ ਸਿੱਖਿਆ ਦੀ ਇੱਕ ਮਹੱਤਵਪੂਰਨ ਕੜੀ ਵੀ ਜੁੜੀ ਹੈ। ਅਕਤੂਬਰ 2006 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 'ਬਾਬਾ ਜੋਗੀ ਪੀਰ ਨੇਬਰਹੁੱਡ ਕੈਂਪ, ਰੱਲਾ, ਮਾਨਸਾ' ਦੀ ਸਥਾਪਨਾ ਕੀਤੀ ਗਈ, ਜਿਸ ਦਾ ਉਦੇਸ਼ ਪੇਂਡੂ ਵਿਦਿਆਰਥੀਆਂ ਲਈ ਸਿੱਖਿਆ ਅਤੇ ਕਿੱਤਾ ਮੁਖੀ ਸਿੱਖਿਆ ਦੇ ਮੌਕੇ ਵਧਾਉਣਾ ਸੀ। ਅੱਜ ਚਹਿਲ ਭਾਈਚਾਰੇ ਦੇ ਲੋਕ ਦੇਸ਼-ਵਿਦੇਸ਼ ਵਿੱਚ ਵੱਸਦੇ ਹਨ, ਪਰ ਬਾਬਾ ਜੋਗੀ ਪੀਰ ਜੀ ਨਾਲ ਜੁੜੇ ਮੇਲੇ, ਲੋਕ-ਕਥਾਵਾਂ, ਬੋਲੀਆਂ, ਸੁੱਖਣਾਂ ਅਤੇ ਪਰਿਵਾਰਕ ਰਵਾਇਤਾਂ ਉਨ੍ਹਾਂ ਨੂੰ ਆਪਣੇ ਮੂਲ ਅਤੇ ਵਿਰਾਸਤ ਨਾਲ ਜੋੜ ਕੇ ਰੱਖਦੀਆਂ ਹਨ।








ਇੱਕ ਆਖਰੀ ਮੌਕਾ,
ਅਣਗਿਣਤ ਨਵੀਆਂ ਸ਼ੁਰੂਆਤਾਂ
ਆਖਿਰੀ ਫੇਸ ਹੁਣ ਵੇਚ ਰਹੇ ਹਾਂ
Homes Starting from the High $500s
ਝੀਲ-ਕੰਢੇ ਵਸੇ ਸ਼ਹਿਰ ਚੈਸਟਰਮੀਅਰ ਵਿੱਚ ਸਥਿਤ 'ਡਾਸਨਜ਼ ਲੈਂਡਿੰਗ' ਇੱਕ ਸਥਾਪਿਤ ਭਾਈਚਾਰਾ ਹੈ, ਜਿੱਥੇ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਤੱਕ ਆਸਾਨ ਪਹੁੰਚ ਮਿਲਦੀ ਹੈ। ਇੱਥੋਂ ਦੇ 5 ਪਾਰਕਾਂ ਵਿੱਚੋਂ ਕਿਸੇ ਇੱਕ ਵਿੱਚ ਦੋਸਤਾਂ ਨਾਲ ਸਮਾਂ ਬਿਤਾਓ, ਖੇਡ-ਮੈਦਾਨ ਵਿੱਚ ਦੁਪਹਿਰ ਦਾ ਆਨੰਦ ਲਓ, ਬਾਸਕਟਬਾਲ ਕੋਰਟ 'ਤੇ ਖੇਡੋ, ਜਾਂ ਸੁੰਦਰ ਪੈਦਲ-ਮਾਰਗਾਂ 'ਤੇ ਸੈਰ ਕਰੋ। ਹੁਣ ਡੌਗ ਪਾਰਕ ਅਤੇ ਈਕੋ ਪਾਰਕ ਦੇ ਖੁੱਲਣ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਇੱਕ ਵਧੀਆ ਸੁਮੇਲ ਪੇਸ਼ ਕਰਦਾ ਹੈ।
DAWSON'S LANDING
CHESTERMERE
Visit Us Today!
liveindawsonslanding.ca
• Broadview Homes • Sterling Homes • Trico Homes
• NuVista Homes • Truman • Genesis Builders
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਉਹ ਜ਼ਿੰਦਗੀ ਜੀਓ, ਜਿਸਦੀ
ਤੁਸੀ ਹਮੇਸ਼ਾ ਕਲਪਨਾ ਕੀਤੀ ਹੈ
ਨਵੀਆਂ ਲਾਟਾਂ
ਆ ਗਈਆਂ ਹਨ
ਚੈਸਟਰਮੀਅਰ ਦੇ ਪੱਛਮੀ ਸਿਰੇ 'ਤੇ ਸਥਿਤ,ਬਿਰਜਪੋਰਟ ਸ਼ਾਂਤ ਝੀਲ ਦੇ ਰਹਿਣ-ਸਹਿਣ ਅਤੇ ਸ਼ਹਿਰੀ ਸਹੂਲਤ ਦਾ ਸੰਤੁਲਨ ਪੇਸ਼ ਕਰਦਾ ਹੈ। ਭਾਈਚਾਰੇ ਦੇ ਦੂਜੇਪੜਾਅ ਵਿੱਚ ਦੁਰਲੱਭ ਕੁਲ-ਡੀ-ਸੈਕ, ਵਾਕਆਊਟ, ਅਤੇ ਪਾਈ-ਆਕਾਰ ਵਾਲੇ ਲਾਟ ਸ਼ਾਮਲ ਹਨ, ਜਿਨਹ੍ਹਾਂ ਵਿੱਚੋਂ ਕੁਝ ਹਰੇ-ਭਰੇ ਸਥਾਨਾਂ ਅਤੇ ਭਵਿੱਖ ਦੇ ਸਕੂਲ ਸਾਈਟ 'ਤੇ ਵਾਪਸ ਆਉਦੇ ਹਨ
bridgeport
CHESTERMERE
ਅੱਜ ਹੀ ਆਪਣਾ ਲਾਟ ਲੱਭੋ!
liveinbridgeport.com
• Shane Homes • Truman Homes
• Broadview Homes • Trico Homes
• NuVista Homes • Sterling Homes
• Excel Homes New
LANED DUPLEXES from the Low $500s
LANED HOMES from the Mid $500s
FRONT GARAGE from the High $600s
TOWNHOMES COMING SOON
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


AIRDRIE
ਸ਼ੋਅ ਹੋਮ
ਹੁਣ ਖੁੱਲੇ ਹਨ
ਅੱਜ ਹੀ ਆ ਕੇ ਦੇਖੋ
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
Vantage Rise ਵਿੱਚ
ਬਿਹਤਰ ਜੀਵਨ-ਸ਼ੈਲੀ ਵੱਲ ਕਦਮ ਵਧਾਓ
Vantage Rise, ਏਅਰਡਰੀ (Airdrie) ਦਾ ਸਭ ਤੋਂ ਨਵਾਂ ਰਿਹਾਇਸ਼ੀ ਖੇਤਰ ਹੈ, ਜਿਸ ਨੂੰ ਸ਼ਹਿਰੀ ਸਹੂਲਤਾਂ ਅਤੇ ਬਾਹਰੀ ਵਾਤਾਵਰਣ ਦੇ ਸੁਮੇਲ ਨਾਲ ਤਿਆਰ ਕੀਤਾ ਗਿਆ ਹੈ। ਸੋਚ-ਸਮਝ ਕੇ ਯੋਜਨਾਬੱਧ ਕੀਤੇ ਗਏ ਇਸ ਇਲਾਕੇ ਵਿੱਚ ਇੱਕ ਸ਼ਾਨਦਾਰ ਵਪਾਰਕ ਕੇਂਦਰ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਸ਼ਾਮਲ ਹੋਣਗੀਆਂ। ਭਾਈਚਾਰਕ ਸਾਂਝ ਅਤੇ ਬਾਹਰੀ ਜੀਵਨ-ਸ਼ੈਲੀ 'ਤੇ ਵਿਸ਼ੇਸ਼ ਧਿਆਨ ਦੇਣ ਕਾਰਨ, Vantage Rise ਏਅਰਡਰੀ ਦੇ ਦੱਖਣ-ਪੱਛਮੀ ਹਿੱਸੇ ਵਿੱਚ ਇੱਕ ਜੀਵੰਤ ਅਤੇ ਸੁਆਗਤ ਕਰਨ ਵਾਲੇ ਨਵੇਂ ਖੇਤਰ ਵਜੋਂ ਉੱਭਰੇਗਾ।
VANTAGE RISE
Townhomes from the high $400s
Laned Homes from the mid $500s
Front Garage from the low $700s
liveinvantagerise.com
Reach out to a builder to put your lot on hold!
• Broadview Homes • McKee Homes • NuVista Homes
• Shane Homes • Sterling Homes • Trico Homes
• StreetSide Developments
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com